Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | **Vol 20* Issue 178** | **Friday, September 10, 2021** | **Tel: 905-793-2202 | Fax: 905-793-2282 | news@punjabipost.ca** ਤੁਸੀਂ 'ਪੰਜਾਬੀ ਪੋਸਟ' *Online* ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਕਾਬੁਲ ਵਿਚ ਰੋਸ ਮੁਜ਼ਾਹਰੇ ਕਰਦੀਆਂ ਔਰਤਾਂ 'ਤੇ ਤਾਲਿਬਾਨ ਨੇ ਕੋੜੇ ਵਰ੍ਹਾਏ




# ਸਿੱਖ ਲੜਕੇ ਦੀ ਮੌਤ ਤੋਂ ਨੋਵਾ ਸਕੋਸ਼ੀਆ ਦੀ ਸਿੱਖ ਕਮਿਊਨਿਟੀ ਵਿਚ ਰੋਹ

ਟਰੂਰੋ, ਨੋਵਾ ਸਕੋਸ਼ੀਆ, 9 ਸਤੰਬਰ (ਪੋਸਟ ਬਿਊਰੋ) : ਵੀਕੈਂਡ ਉੱਤੇ 23 ਸਾਲਾ ਸਿੱਖ ਲੜਕੇ ਦੀ ਹੋਈ ਮੌਤ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ ਤੇ ਇਸ ਨਾਲ ਸਿੱਖ ਭਾਈਚਾਰੇ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਜਾਂਚਕਾਰਾਂ ਵੱਲੋਂ ਵੀ ਇਸ ਮਾਮਲੇ ਨੂੰ



ਕਤਲ ਦੱਸਿਆ ਜਾ ਰਿਹਾ ਹੈ।

ਪੁਲਿਸ ਅਧਿਕਾਰੀਆਂ ਨੂੰ ਇੰਟਰਨੈਸ਼ਨਲ ਸਟੂਡੈਂਟ ਪ੍ਰਭਜੋਤ ਸਿੰਘ ਕਟੜੀ 5 ਸਤੰਬਰ ਨੂੰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਕਟੜੀ ਨੋਵਾ ਸਕੋਸੀਆ ਵਿੱਚ ਟੈਕਸੀ ਚਲਾ ਕੇ ਆਪਣੀ ਪੜ੍ਹਾਈ ਦਾ ਖਰਚਾ ਕੱਢ ਰਿਹਾ ਸੀ। ਮੈਰੀਟਾਈਮ ਭੰਗੜਾ ਗਰੁੱਪ ਦੇ ਹਸਮੀਤ ਸਿੰਘ ਨੇ ਦੱਸਿਆ ਕਿ ਉਹ ਪਰਿਵਾਰ ਨੂੰ ਪਾਲਣ ਵਾਲਾ ਇਕਲੌਤਾ ਮੈਂਬਰ ਸੀ ਤੇ ਉਸ ਦੀ ਕਮਾਈ ਨਾਲ ਹੀ ਉਸ ਦਾ ਘਰ ਚੱਲਦਾ ਸੀ। ਉਹ ਆਪਣੀ ਮਾਂ ਤੇ ਭੈਣ ਦਾ ਵੀ ਖਿਆਲ ਰੱਖ ਰਿਹਾ ਸੀ।

ਉਸ ਦੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨੇ ਦੱਸਿਆ ਕਿ ਉਹ ਬਹੁਤ ਹੀ ਸ਼ਾਂਤ ਸੁਭਾਅ ਦਾ ਇਨਸਾਨ ਸੀ ਤੇ ਨਸ਼ੇ, ਸ਼ਰਾਬ ਆਦਿ ਨੂੰ ਵੀ ਹੱਥ ਨਹੀਂ ਸੀ ਲਾਉਂਦਾ।

ਕਮਿਊਨਿਟੀ ਵੱਲੋਂ ਇਸ ਨੂੰ ਹੇਟ ਕ੍ਰਾਈਮ ਵੀ ਦੱਸਿਆ ਜਾ ਰਿਹਾ ਹੈ ਤੇ ਇਸ ਮਾਮਲੇ ਵਿੱਚ ਇਨਸਾਫ ਦੀ ਮੰਗ ਕੀਤੀ ਜਾ ਰਹੀ ਹੈ।

...ਬਾਕੀ ਪੰਨਾ 6 'ਤੇ



ਪੰਜ ਮੁੱਖ ਫੈਡਰਲ ਪਾਰਟੀਆਂ ਨੇ ਵੀਰਵਾਰ ਰਾਤ ਨੂੰ ਇੰਗਲਿਸ਼ ਭਾਸ਼ਾ ਦੀ ਹੋਣ ਵਾਲੀ ਬਹਿਸ ਵਿੱਚ ਹਿੱਸਾ ਲਿਆ। ਵੋਟਰਾਂ ਦੇ ਦਿਲ ਜਿੱਤਣ ਦਾ ਪਾਰਟੀਆਂ ਕੋਲ ਇਹ ਆਖਰੀ ਮੌਕੇ ਵਜੋਂ ਸੀ। ਇਸ ਬਹਿਸ ਵਿੱਚ ਜਿਹੜੇ ਮੁੱਦੇ ਉਠਾਏ ਗਏ ਉਨ੍ਹਾਂ ਵਿੱਚ ਅਫੋਰਡੇਬਿਲਿਟੀ, ਕਲਾਈਮੇਟ, ਕੋਵਿਡ ਰਿਕਵਰੀ, ਲੀਡਰਸ਼ਿਪ ਤੇ ਜਵਾਬਦੇਹੀ ਦੇ ਨਾਲ ਨਾਲ ਇੰਡੀਜੀਨਸ ਰੀਕੌਂਸੀਲਿਏਸ਼ਨ ਦੇ ਮੁੱਦੇ ਸ਼ਾਮਿਲ ਸਨ।

# ਕੈਨੇਡੀਅਨਜ਼ ਸਮੇਤ 200 ਲੋਕ ਕਮਰਸ਼ੀਅਲ ਫਲਾਈਟਸ ਰਾਹੀਂ ਅਫਗਾਨਿਸਤਾਨ ਤੋਂ ਹੋਏ ਰਵਾਨਾ



ਕਾਬੁਲ, 9 ਸਤੰਬਰ (ਪੋਸਟ ਬਿਊਰੋ) : ਕੁੱਝ 200 ਦੇ ਨੇੜੇ ਤੇੜੇ ਵਿਦੇਸ਼ੀ, ਜਿਨ੍ਹਾਂ ਵਿੱਚ ਅਮੈਰੀਕਨਜ਼ ਵੀ ਸ਼ਾਮਲ ਹਨ, ਵੀਰਵਾਰ ਨੂੰ ਕਮਰਸ਼ੀਅਲ ਫਲਾਈਟ ਰਾਹੀਂ ਅਫਗਾਨਿਸਤਾਨ ਤੋਂ ਬਾਹਰ ਆ ਗਏ। ਇੱਕ ਹਫਤੇ ਪਹਿਲਾਂ ਅਮਰੀਕਾ ਤੇ ਹੋਰ ਸੈਨਾਵਾਂ ਵੱਲੋਂ ਵੱਡੀ ਪੱਧਰ ਉੱਤੇ ਕਾਬੁਲ ਤੋਂ ਨਿਕਲਣ ਲਈ ਚਲਾਏ ਗਏ ਆਪਰੇਸ਼ਨ ਤੋਂ ਬਾਅਦ ਇਹ ਪਹਿਲਾ ਐਨਾ ਵੱਡਾ ਆਪਰੇਸ਼ਨ ਸੀ।

...ਬਾਕੀ ਪੰਨਾ 6 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axsel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axsel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ। ਕੰਮ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਫੁੱਲ ਟਾਈਮ ਹੋਵੇਗਾ। ਪਾਰਟ ਟਾਈਮ ਕੰਮ ਦੇ ਚਾਹਵਾਨ ਵੀ ਕਾਲ ਕਰ ਸਕਦੇ ਹਨ।
ਸੰਪਰਕ :
416-556-6884

SUPER VISA INSURANCE EXPERTS
Punjab Insurance Inc
Super Visa Monthly plans available
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com


PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਡਰਾਈਵਰਾਂ ਦੀ ਘਾਟ ਕਾਰਨ ਲੱਗਭਗ 200 ਸਕੂਲ ਬੱਸਾਂ ਹੋਈਆਂ ਲੇਟ




ਟੋਰਾਂਟੋ, 9 ਸਤੰਬਰ (ਪੋਸਟ ਬਿਊਰ) : ਪਿਛਲੇ ਸਾਲ ਅਪਰੈਲ ਤੋਂ ਬਾਅਦ ਸਕੂਲਾਂ ਵਿੱਚ ਪਰਤੇ ਬੱਚਿਆਂ ਨੂੰ ਉਸ ਸਮੇਂ ਦੇਰ ਹੋ ਗਈ ਜਦੋਂ ਸਕੂਲ ਬੱਸ ਡਰਾਈਵਰਾਂ ਦੀ ਘਾਟ ਪਾਈ ਗਈ।

ਸਕੂਲ ਬੱਸ ਓਨਟਾਰੀਓ ਦਾ ਕਹਿਣਾ ਹੈ ਕਿ ਵੀਰਵਾਰ ਨੂੰ ਯੌਰਕ ਰੀਜਨ ਵਿੱਚ 199 ਵਿਦਿਆਰਥੀ ਲੇਟ ਹੋਏ। ਕਈਆਂ ਨੂੰ ਤਾਂ 60 ਤੋਂ ਲੈ ਕੇ 90 ਮਿੰਟ ਤੱਕ ਇੰਤਜ਼ਾਰ ਕਰਨਾ ਪਿਆ। ਐਸੋਸਿਏਸ਼ਨ ਨੇ ਦੱਸਿਆ ਕਿ ਹੈਮਿਲਟਨ ਵਿੱਚ ਵੀ ਦਰਜਨਾਂ ਵਿਦਿਆਰਥੀਆਂ ਨੂੰ ਸਕੂਲ ਜਾਣ ਵਿੱਚ ਦੇਰ ਹੋਈ। ਐਸੋਸਿਏਸ਼ਨ ਨੇ ਦੱਸਿਆ ਕਿ ਇਹ ਦੇਰ ਕਾਂਟਰੈਕਟ ਸਿਸਟਮ ਦਾ ਹੀ ਨਤੀਜਾ ਹੈ। ਇਸ ਸਿਸਟਮ ਤਹਿਤ ਡਰਾਈਵਰਾਂ ਦੀਆਂ ਤਨਖਾਹਾਂ ਨੂੰ ਰੋਕਿਆ ਜਾਂਦਾ ਹੈ ਤੇ ਇਸ ਨਾਲ ਡਰਾਈਵਰਾਂ ਦੇ ਟਰਨਓਵਰ ਵਿੱਚ ਵੀ ਵਾਧਾ ਹੋਇਆ ਹੈ।

ਸਕੂਲ ਬੱਸ ਓਨਟਾਰੀਓ ਦੀ ਐਗਜ਼ੈਕਟਿਵ ਡਾਇਰੈਕਟਰ ਨੈਂਸੀ ਡੇਗਨਾਲਟ ਨੇ ਵੀਰਵਾਰ ਸਵੇਰ ਨੂੰ ਦੱਸਿਆ ਕਿ ਹਇਆ ਇੰਜ ਹੈ ਕਿ ਡਰਾਈਵਰ ਜਿਸ ਕੰਪਨੀ ਨਾਲ ਕੰਮ ਕਰ ਰਹੇ ਹਨ ਉਸ ਤੋਂ ਖੁਸ਼ ਹਨ। ਮੰਤਰਾਲੇ ਵੱਲੋਂ ਨਵੇਂ ਪ੍ਰਸਤਾਵ ਮੰਗੇ ਗਏ ਤੇ ਨਵੀਂ ਕੰਪਨੀ ਆਈ ਤੇ ਡਰਾਈਵਰ ਇਸ ਨਵੀਂ ਕੰਪਨੀ ਨਾਲ ਕੰਮ ਕਰਨ ਲਈ ਰਾਜ਼ੀ ਨਹੀ ਹਨ। ਹੋ ਸਕਦਾ ਹੈ ਕਿ ਉਨ੍ਹਾਂ ਦੀ ਸੀਨੀਆਰਿਟੀ ਬਦਲਣ ਵਾਲੀ ਹੋਵੇ, ਉਨ੍ਹਾਂ ਦੇ ਭੱਤਿਆਂ ਵਿੱਚ ਵਾਧਾ ਹੋਣਾ ਹੋਵੇ ਹੋ ਸਕਦਾ ਹੈ ਕਿ ਉਨ੍ਹਾਂ ਦਾ ਰੂਟ ਫਰਕ ਹੋਵੇ। ਉਨ੍ਹਾਂ ਆਖਿਆ ਕਿ ਜੇ ਤੁਹਾਨੂੰ ਆਪਣੀ ਬੱਸ ਦੀ 60 ਤੋਂ 90 ਮਿੰਟ ਉਡੀਕ ਕਰਨਾ ਪਸੰਦ ਨਹੀਂ ਤਾਂ ਤੁਹਾਨੂੰ ਆਪਣੇ ਐਮਪੀਪੀ ਨੂੰ ਮਿਲਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਕਈ ਸਾਲਾਂ ਤੋਂ ਸਕੂਲ ਬੱਸ ਡਰਾਈਵਰਾਂ ਦੀ ਘਾਟ ਦਾ ਮੁੱਦਾ ਬਣਿਆ ਹੋਇਆ ਹੈ ਤੇ ਇਹ ਪ੍ਰੋਵਿੰਸ਼ੀਅਲ ਕਾਂਟਰੈਟਕ ਬਿਡਿੰਗ ਸਿਸਟਮ ਕਾਰਨ ਹੀ ਹੋਇਆ ਹੈ। ਪਰ ਯੌਰਕ ਰੀਜਨ, ਓਟਵਾ, ਹੈਮਿਲਟਨ ਤੇ ਤੇ ਪੀਟਰਬੌਰੋ ਵਿੱਚ ਸਤੰਬਰ ਵਿੱਚ ਇਹ ਐਲਾਨ ਕੀਤਾ ਗਿਆ ਹੈ।

# ਟੋਰਾਂਟੋ ਦੇ ਹਸਪਤਾਲ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਜ਼ ਨੂੰ ਭੇਜਣਗੇ 1200 ਹੋਮ ਕੋਵਿਡ-19 ਟੈਸਟਿੰਗ ਕਿੱਟਸ

ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਇਸ ਸਕੂਲ ਵਰ੍ਹੇ ਟੋਰਾਂਟੋ ਦੇ ਬਹੁਤ ਸਾਰੇ ਵਿਦਿਆਰਥੀ ਹੁਣ ਘਰ ਵਿੱਚ ਹੀ ਕੋਵਿਡ-19 ਟੈਸਟ ਕਰ ਸਕਣਗੇ। ਟੋਰਾਂਟੋ ਦੇ ਹਸਪਤਾਲਾਂ ਵੱਲੋਂ 1200 ਹੋਮ ਕੋਵਿਡ-19 ਟੈਸਟਿੰਗ ਕਿੱਟਸ ਸਕੂਲਾਂ ਤੇ ਚਾਈਲਡ ਕੇਅਰ ਸੈਂਟਰਜ਼ ਉੱਤੇ ਭੇਜੀਆਂ ਜਾ ਰਹੀਆਂ ਹਨ।

ਇਹ ਕਿੱਟਸ ਇਸ ਆਸ ਨਾਲ ਭੇਜੀਆਂ ਜਾ ਰਹੀਆਂ ਹਨ ਕਿ ਪਰਿਵਾਰ ਤੇ ਸਕੂਲ ਜਲਦ ਕੋਵਿਡ-19 ਟੈਸਟ ਕਰ ਸਕਣ ਤੇ ਵਿਦਿਆਰਥੀਆਂ ਨੂੰ ਸਕੂਲਾਂ ਤੋਂ ਛੁੱਟੀ ਨਾ ਲੈਣੀ ਪਵੇ ਤੇ ਉਨ੍ਹਾਂ ਦੀ ਪੜ੍ਹਾਈ ਦਾ ਹੋਰ ਹਰਜਾ ਨਾ ਹੋਵੇ। ਮਾਈਕਲ ਗੈਰਨ ਹਸਪਤਾਲ ਵਿਖੇ ਇਨਫੈਕਸ਼ੀਅਸ ਡਜ਼ੀਜ਼ ਫਿਜ਼ੀਸ਼ੀਅਨ ਡਾ• ਜੇਨੀਨ ਮੈਕਰੈਡੀ ਨੇ ਆਖਿਆ ਕਿ ਇਸ ਦਾ ਫਾਇਦਾ ਇਹ ਹੈ ਕਿ ਅਕਸਰ ਬੱਚੇ ਆਪ ਵੀ ਇਹ ਟੈਸਟ ਕਰ ਸਕਦੇ ਹਨ।

ਇਹ ਟੈਸਟ ਕਰਨ ਲਈ ਵਿਦਿਆਰਥੀਆਂ ਜਾਂ ਕੇਅਰ ਗਿਵਰਜ਼ ਨੂੰ ਜੀਭ ਤੋਂ ਸਵੈਬ ਲੈਣ ਦੇ ਨਾਲ ਨਾਲ ਗੱਲ੍ਹਾਂ ਦੇ ਦੋਵਾਂ ਪਾਸਿਆਂ ਅਤੇ ਨੱਕ ਵਿੱਚੋਂ ਸਵੈਬ ਲੈਣਾ ਹੋਵੇਗਾ। ਹਸਪਤਾਲ ਵੱਲੋਂ ਤਿਆਰ ਕੀਤੀਆਂ ਗਈਆਂ ਇਹ ਟੈਸਟ ਕਿੱਟਸ ਈਸਟ ਐਂਡ ਕੈਚਮੈਂਟ ਏਰੀਆ ਦੇ 112 ਸਕੂਲਾਂ ਤੋਂ ਲਈਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਵਰਤੋਂ ਉਦੋਂ ਕੀਤੀ ਜਾ ਸਕਦੀ ਹੈ ਜਦੋਂ ਬੱਚੇ ਵਿੱਚ ਲੱਛਣ ਹੋਣ ਜਾਂ ਫਿਰ ਪਾਜ਼ੀਟਿਵ ਕੇਸ ਕਾਰਨ ਬੱਚਿਆਂ ਦੇ ਇੱਕ ਸਮੂਹ ਨੂੰ ਸਕੂਲ ਆਉਣ ਤੋਂ ਮਨ੍ਹਾਂ ਕਰ ਦਿੱਤਾ ਜਾਵੇ।



ਇੱਕ ਵਾਰੀ ਟੈਸਟ ਮੁਕੰਮਲ ਹੋਣ ਤੋਂ ਬਾਅਦ ਪਰਿਵਾਰ ਇਸ ਨੂੰ ਜਾਂਚ ਲਈ ਕੋਵਿਡ-19 ਅਸੈਸਮੈਂਟ ਸੈਂਟਰ, ਜੋ ਕਿ ਮਾਈਕਲ ਗੈਰਨ ਹਸਪਤਾਲ ਜਾਂ ਹੋਰਨਾਂ ਆਊਟਰੀਚ ਸੈਂਟਰਾਂ ਉੱਤੇ ਹੈ, ਲਿਜਾ ਸਕਦੇ ਹਨ। ਨਤੀਜੇ ਆਉਣ ਵਿੱਚ 24 ਤੋਂ 72 ਘੰਟੇ ਦਾ ਸਮਾਂ ਲੱਗ ਸਕਦਾ ਹੈ।

# ਟਰੱਕ ਨੂੰ ਅੱਗ ਲੱਗਣ ਕਾਰਨ ਰਸਤਾ ਬੰਦ

ਬਰਲਿੰਗਟਨ, 9 ਸਤੰਬਰ (ਪੋਸਟ ਬਿਊਰੋ) : ਟਰੱਕ ਵਿੱਚ ਅੱਗ ਲੱਗ ਜਾਣ ਤੋਂ ਬਾਅਦ ਬਰਲਿੰਗਟਨ ਵਿੱਚ ਕਿਊਈਡਬਲਿਊ ਦੀਆਂ ਟੋਰਾਂਟੋ ਜਾਣ ਵਾਲੀਆਂ ਲੇਨਜ਼ ਬੰਦ ਕਰ ਦਿੱਤੀਆਂ ਗਈਆਂ। ਵੀਰਵਾਰ ਨੂੰ ਸਵੇਰੇ 3:30 ਵਜੇ ਐਮਰਜੰਸੀ ਅਮਲੇ ਨੂੰ ਮੌਕੇ ਉੱਤੇ ਸੱਦਿਆ ਗਿਆ। ਬਰਲਿੰਗਟਨ ਫਾਇਰ ਆਫੀਸ਼ੀਅਲਜ਼ ਨੇ ਦੱਸਿਆ ਕਿ ਬੈਟਰੀਆਂ ਨਾਲ ਭਰੇ ਹੋਏ ਟਰੈਕਟਰ ਟਰੇਲਰ ਨੂੰ ਅੱਗ ਲੱਗ ਗਈ। ਅਜੇ ਇਸ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ ਕਿ ਅੱਗ ਕਿਵੇਂ ਲੱਗੀ। ਨੌਰਥ ਸ਼ੋਰ ਬੋਲੀਵੀਆਰਡ ਤੇ ਹਾਈਵੇਅ 403 ਦਰਮਿਆਨ ਹਾਈਵੇਅ ਦੇ ਹਿੱਸੇ ਨੂੰ ਬੰਦ ਕਰ ਦਿੱਤਾ ਗਿਆ ਹੈ। ਇਹ ਥਾਂ ਦੁਪਹਿਰ ਤੱਕ ਬੰਦ ਰਹਿਣ ਦੀ ਉਮੀਦ ਹੈ।

# ਟਰੂਡੋ ਨੇ ਲਿਬਰਲ ਕੈਂਪੇਨ ਨੂ ਐਡਜਸਟ ਕਰਨ ਦੀ ਲੋੜ ਉੱਤੇ ਦਿੱਤਾ ਜ਼ੋਰ



ਮਾਂਟਰੀਅਲ, 9 ਸਤੰਬਰ (ਪੋਸਟ ਬਿਊਰੋ) : ਇੱਕ ਈਵੈਂਟ ਉੱਤੇ ਰੁਕਣ ਸਮੇਂ ਟਰੂਡੋ ਉੱਤੇ ਕੁੱਝ ਮੁਜ਼ਾਹਰਾਕਾਰੀਆਂ ਵੱਲੋਂ ਬੱਜਰੀ ਸੁੱਟੇ ਜਾਣ ਤੋਂ ਬਾਅਦ ਲਿਬਰਲ ਆਗੂ ਜਸਟਿਨ ਟਰੂਡੋ ਨੇ ਆਖਿਆ ਕਿ ਉਨ੍ਹਾਂ ਦੀ ਕੈਂਪੇਨ ਸਬੰਧੀ ਈਵੈਂਟਸ ਨੂੰ ਐਡਜਸਟ ਕੀਤੇ ਜਾਣ ਦੀ ਲੋੜ ਹੈ ਤਾਂ ਕਿ ਲੋਕ ਖੁਦ ਨੂੰ ਸੇਫ ਮਹਿਸੂਸ ਕਰ ਸਕਣ।

ਪਰ ਟਰੂਡੋ ਨੇ ਆਖਿਆ ਕਿ ਕੈਨੇਡੀਅਨਜ਼ ਨੂੰ ਇਸ ਗੱਲ ਉੱਤੇ ਮਾਣ ਹੋਣਾ ਚਾਹੀਦਾ ਹੈ ਕਿ ਸਿਆ-ਸਤਦਾਨ ਨਿਡਰ ਹੋ ਕੇ ਸੜਕਾਂ ਉੱਤੇ ਇੰਜ ਤੁਰੇ ਫਿਰਦੇ ਹਨ ਜਿਵੇਂ ਉਨ੍ਹਾਂ ਨੂੰ ਹਮਲਾ ਹੋਣ ਦਾ ਕੋਈ ਡਰ ਹੀ ਨਾ ਹੋਵੇ, ਜਦੋਂ ਕਿ ਅਮਰੀਕਾ ਵਿੱਚ ਮਾਹੌਲ ਇਸ ਤੋਂ ਉਲਟ ਹੈ। ਉਨ੍ਹਾਂ ਸੋਮਵਾਰ ਨੂੰ ਵਾਪਰੀ ਇਸ ਘਟਨਾ ਦੀ ਤੁਲਨਾ 6 ਜਨਵਰੀ ਨੂੰ ਅਮਰੀਕਾ ਦੀ ਕੈਪੀਟਲ ਬਿਲਡਿੰਗ ਵਾਲੀ ਘਟਨਾ ਨਾਲ ਕੀਤੀ। ਉਨ੍ਹਾਂ ਆਖਿਆ ਕਿ ਕੈਨੇਡਾ ਨੂੰ ਆਪਣੇ ਸਟੈਂਡ ਉੱਤੇ ਦ੍ਰਿੜ ਰਹਿਣਾ ਚਾਹੀਦਾ ਹੈ ਤੇ ਇਸ ਤਰ੍ਹਾਂ ਦੇ ਧਰੁਵੀਕਰਨ ਨੂੰ ਹਾਵੀ ਨਹੀਂ ਹੋਣ ਦੇਣਾ ਚਾਹੀਦਾ।

ਟਰੂਡੋ ਨੇ ਮਾਂਟਰੀਅਲ ਵਿੱਚ ਕੈਂਪੇਨਿੰਗ ਕਰਦਿਆਂ ਹੋਇਆਂ ਉਕਤ ਗੱਲ ਆਖੀ। ਉਸ ਤੋਂ ਪਹਿਲਾਂ ਉਨ੍ਹਾਂ ਨੂੰ ਦੱਖਣੀ ਓਨਟਾਰੀਓ ਵਿੱਚ ਮੁਜ਼ਾਹਰਾਕਾਰੀਆਂ ਦੇ ਰੋਹ ਦਾ ਸਾਹਮਣਾ ਕਰਨਾ ਪਿਆ ਸੀ।

# ਟੋਰਾਂਟੋ ਦੇ ਕੈਮੀਕਲ ਪਲਾਂਟ ਵਿੱਚ ਹੋਇਆ ਧਮਾਕਾ, ਇੱਕ ਹਲਾਕ



ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਪੂਰਬੀ ਹਿੱਸੇ ਵਿੱਚ ਸਥਿਤ ਕੈਮੀਕਲ ਪਲਾਂਟ ਉੱਤੇ ਹੋਏ ਧਮਾਕੇ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਪੁਲਿਸ ਨੂੰ ਸਵੇਰੇ 10:00 ਵਜੇ ਈਸਟ ਯੌਰਕ ਵਿੱਚ ਡੌਨ ਮਿੱਲਜ਼ ਰੋਡ ਤੇ ਐਗਲਿੰਟਨ ਐਵਨਿਊ ਈਸਟ ਨੇੜੇ 225 ਵਿੱਕਸਟੀਡ ਐਵਨਿਊ ਏਰੀਆ ਵਿੱਚ ਸਿਲਟੈਕ ਕੈਮੀਕਲ ਪਲਾਂਟ ਉੱਤੇ ਹੋਏ ਧਮਾਕੇ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਦੂਜੇ ਨੂੰ ਨਾਜ਼ੁਕ ਹਾਲਤ ਵਿੱਚ ਸੰਨੀਬਰੁੱਕ ਹਸਪਤਾਲ ਲਿਜ-ਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਫਾਇਰ ਦੇ ਕਾਰਜਕਾਰੀ ਚੀਫ ਜਿੰਮ ਜੈਸਪ ਨੇ ਪੱਤਰਕਾਰਾਂ ਨੂੰ ਦਿੱਤੀ।

ਟੋਰਾਂਟੋ ਫਾਇਰ ਅਨੁਸਾਰ ਕਈ ਹੋਰ ਲੋਕ ਵੀ ਕੈਮੀਕਲ ਕਾਰਨ ਕਈ ਥਾਂਵਾਂ ਤੋਂ ਸੜ ਗਏ ਤੇ ਇਸ ਵੇਲੇ ਹਸਪਤਾਲ ਵਿੱਚ ਉਨ੍ਹਾਂ ਦਾ ਮੁਆਇਨਾ ਤੇ ਇਲਾਜ ਕੀਤਾ ਜਾ ਰਿਹਾ ਹੈ। ਮ੍ਰਿਤਕ ਦੀ ਪਛਾਣ ਅਜੇ ਜਾਰੀ ਨਹੀਂ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਸਾਡਾ ਅਮਲਾ ਮਾਲਕ ਨਾਲ ਰਲ ਕੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸਥਿਤੀ ਉੱਤੇ ਕਾਬੂ ਪਾਇਆ ਜਾ ਚੁੱਕਿਆ ਹੈ ਤੇ ਆਮ ਜਨਤਾ ਨੂੰ ਕੋਈ ਖਤਰਾ ਤਾਂ ਨਹੀਂ ਹੈ।

ਲੇਬਰ ਮੰਤਰਾਲੇ ਨੂੰ ਵੀ ਧਮਾਕੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਇਸ ਸਬੰਧ ਵਿੱਚ ਜਾਂਚ ਕਰਨ ਲਈ ਇੱਕ ਇੰਸਪੈਕਟਰ ਵੀ ਤਾਇਨਾਤ ਕਰ ਦਿੱਤਾ ਗਿਆ ਹੈ।

# ਫਰੈਂਚ ਭਾਸ਼ਾ ਦੀ ਬਹਿਸ ਵਿੱਚ ਵੈਕਸੀਨੇਸ਼ਨ ਤੇ ਅਚਨਚੇਤੀ ਚੋਣਾਂ ਦਾ ਮੁੱਦਾ ਰਿਹਾ ਗਰਮਾਇਆ



ਓਟਵਾ, 9 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਪੰਜ ਫੈਡਰਲ ਪਾਰਟੀਆਂ ਦੇ ਆਗੂ ਲਾਜ਼ਮੀ ਵੈਕਸੀਨੇਸ਼ਨ, ਹੈਲਥ ਕੇਅਰ ਤੇ ਅਚਨਚੇਤੀ ਚੋਣਾਂ ਕਰਵਾਏ ਜਾਣ ਦੇ ਮਾਮਲੇ ਵਿੱਚ ਬਹਿਸ ਕਰਨ ਲਈ ਮੈਦਾਨ ਵਿੱਚ ਨਿੱਤਰੇ।

ਫੈਡਰਲ ਚੋਣਾਂ ਦੇ ਮੱਦੇਨਜ਼ਰ ਦੋ ਇਲੈਕਸ਼ਨ ਡਿਬੇਟ ਵਿੱਚੋਂ ਫਰੈਂਚ ਭਾਸ਼ਾ ਵਿੱਚ ਹੋਣ ਵਾਲੀ ਇਸ ਪਹਿਲੀ ਬਹਿਸ ਵਿੱਚ ਸਾਰੇ ਆਗੂਆਂ ਵੱਲੋਂ ਫਰੈਂਚ ਭਾਸ਼ਾ ਬੋਲਣ ਵਾਲੇ ਵੋਟਰਾਂ ਦਾ ਸਮਰਥਨ ਹਾਸਲ ਕਰਨ ਲਈ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ। ਲਿਬਰਲ ਆਗੂ ਜਸਟਿਨ ਟਰੂਡੋ, ਕੰਜ਼ਰਵੇਟਿਵ ਆਗੂ ਐਰਿਨ ਓਟੂਲ, ਐਨਡੀਪੀ ਆਗੂ ਜਗਮੀਤ ਸਿੰਘ, ਬਲਾਕ ਕਿਊਬਿਕੁਆ ਮੰਤਰੀ ਯਵੇਸ ਫਰੈਂਕੌਇਸ ਬਲਾਂਸ਼ੇ ਤੇ ਗ੍ਰੀਨ ਪਾਰਟੀ ਆਗੂ ਅਨੇਮੀ ਪਾਲ ਵੱਲੋਂ ਇਸ ਬਹਿਸ ਵਿੱਚ ਹਿੱਸਾ ਲਿਆ ਜਾ ਰਿਹਾ ਹੈ।

ਇੰਡੀਪੈਂਡੈਂਟ ਲੀਡਰਜ਼ ਡਿਬੇਟ ਕਮਿਸ਼ਨ ਫੌਰ ਪਾਰਟੀਸਿਪੇਸ਼ਨ ਵੱਲੋਂ ਮਿਥੇ ਗਏ ਕ੍ਰਾਇਟੇਰੀਆ ਅਨੁਸਾਰ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਆਗੂ ਮੈਕਸਿਮ ਬਰਨੀਅਰ ਇਸ ਬਹਿਸ ਲਈ ਯੋਗ ਨਹੀਂ ਹਨ। ਬਹਿਸ ਲਈ ਸੰਚਾਲਕ ਪੈਟ੍ਰਿਸ ਰੌਏ ਨੇ ਪੰਜੇ ਆਗੂਆਂ ਨੂੰ ਪੈਂਦੀ ਸੱਟੇ ਇਹ ਸਵਾਲ ਪੁੱਛਿਆ ਕਿ ਜੇ ਇਸ ਵਾਰੀ ਵੀ ਘੱਟ ਗਿਣਤੀ ਸਰਕਾਰ ਬਣਦੀ ਹੈ ਤਾਂ ਕਿ ਉਹ ਮੁੜ ਹਰ ਚੋਣਾਂ ਕਰਵਾਉਣ ਦੇ ਹੱਕ ਵਿੱਚ ਹੋਣਗੇ? ਇਸ ਉੱਤੇ ਲਿਬਰਲ ਆਗੂ ਜਸਟਿਨ ਟਰੂਡੋ ਨੇ ਮਹਾਂਮਾਰੀ ਦੇ ਇਸ ਦੌਰ ਵਿੱਚ ਕੈਨੇਡੀਅਨਜ਼ ਨੂੰ ਚੋਣਾਂ ਵੱਲ ਧੱਕਣ ਦੇ ਆਪਣੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਆਖਿਆ ਕਿ ਉਨ੍ਹਾਂ ਨੂੰ ਕੈਨੇਡੀਅਨਜ਼ ਵੱਲੋਂ ਸਪਸ਼ਟ ਫਤਵਾ ਚਾਹੀਦਾ ਸੀ ਕਿਉਂਕਿ ਇਸ ਸੱਭ ਕਾਸੇ ਵਿੱਚੋਂ ਕਿਵੇਂ ਨਿਕਲਿਆ ਜਾਵੇ ਇਸ ਵਿੱਚ ਕੈਨੇਡੀਅਨਜ਼ ਦਾ ਪੱਖ ਜਾਣਨਾ ਜ਼ਰੂਰੀ ਸੀ।

ਓਟੂਲ ਤੇ ਪਾਲ ਨੇ ਆਖਿਆ ਕਿ ਉਹ ਇਸ ਤਰ੍ਹਾਂ ਦੀਆਂ ਅਚਨਚੇਤੀ ਚੋਣਾਂ ਤੋਂ ਦੂਰ ਰਹਿਣ-ਗੇ। ਬਲਾਂਸ਼ੇ ਨੇ ਆਖਿਆ ਕਿ ਪਿਛਲੇ ਹਫਤੇ ਟਰੂਡੋ ਨੇ ਇਹ ਆਖਿਆ ਸੀ ਕਿ ਅਗਲੇ 18 ਮਹੀਨਿਆਂ ਵਿੱਚ ਹੋਰ ਚੋਣਾਂ ਦੀ ਸੰਭਾਵਨਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਾਰਟੀ ਉਨ੍ਹਾਂ ਸਾਰੇ ਮਾਪਦੰਡਾਂ ਦਾ ਸਮਰਥਨ ਕਰੇਗੀ ਜਿਹੜੇ ਕਿਊਬਿਕ ਲਈ ਚੰਗੇ ਹੋਣਗੇ। ਜਗਮੀਤ ਸਿੰਘ ਨੇ ਆਖਿਆ ਕਿ ਅਸੀਂ ਇਹ ਚੋਣਾਂ ਨਹੀਂ ਸੀ ਚਾਹੁੰਦੇ। ਉਨ੍ਹਾਂ ਆਖਿਆ ਕਿ ਅਗਲੀ ਸਰਕਾਰ ਲਈ ਕੈਨੇਡੀਅਨਜ਼ ਜੋ ਫਤਵਾ ਦੇਣਗੇ ਉਸ ਦਾ ਉਹ ਆਦਰ ਕਰਨਗੇ।

ਇਹ ਪੁੱਛੇ ਜਾਣ ਉੱਤੇ ਕਿ ਕੀ ਵੈਕਸੀਨੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ ਤਾਂ ਟਰੂਡੋ ਨੇ ਇਸ ਮੁੱਦੇ ਉੱਤੇ ਗੱਲਬਾਤ ਨੂੰ ਝੂਠੀ ਬਹਿਸ ਦੱਸਿਆ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿੱਚ ਉਨ੍ਹਾਂ ਦੇ ਅਤੇ ਕੰਜ਼ਰਵੇਟਿਵ ਪਾਰਟੀ ਆਗੂ ਓਟੂਲ ਦੇ ਵਿਚਾਰ ਮੇਲ ਹੀ ਨਹੀਂ ਖਾਂਦੇ। ਉਨ੍ਹਾਂ ਦਾਅਵਾ ਕੀਤਾ ਕਿ ਟੋਰੀ ਆਗੂ ਦੀ ਨਜ਼ਰ ਵਿੱਚ ਵੈਕਸੀਨੇਸ਼ਨ ਤੇ ਰੈਪਿਡ ਟੈਸਟਿੰਗ ਬਰਾਬਰ ਹਨ। ਇਸ ਉੱਤੇ ਓਟੂਲ ਨੇ ਆਖਿਆ ਕਿ ਇਹ ਸਮਾਂ ਲਕਾਂ ਨੂੰ ਵੰਡਣ ਦਾ ਨਹੀਂ ਹੈ। ਸਾਨੂੰ ਰਲ ਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਵੈਕਸੀਨੇਸ਼ਨ ਜ਼ਰੂਰੀ ਹੈ ਪਰ ਰੈਪਿਡ ਟੈਸਟਿੰਗ, ਮਾਸਕ ਤੇ ਫਿਜ਼ੀਕਲ ਡਿਸਟੈਂਸਿੰਗ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ। ਜਿਸ ਮਿਊਜ਼ੀਅਮ ਵਿੱਚ ਇਹ ਬਹਿਸ ਚੱਲ ਰਹੀ ਸੀ ਉਸ ਦੇ ਬਾਹਰ ਕੁੱਝ ਮੁਜ਼ਾਹਰਾਕਾਰੀ ਵੀ ਇੱਕਠੇ ਹੋ ਗਏ। ਕੁੱਝ ਨੇ ਪੀਪਲਜ਼ ਪਾਰਟੀ ਦੇ ਸਾਈਨ ਚੁੱਕੇ ਹੋਏ ਸਨ ਪਰ ਉਨ੍ਹਾਂ ਨੂੰ ਮਿਊਜ਼ੀਅਮ ਤੋਂ ਕਾਫੀ ਦੂਰ ਹੀ ਰੋਕ ਦਿੱਤਾ ਗਿਆ।

ਇਸ ਬਹਿਸ ਤੋਂ ਕੁੱਝ ਘੰਟੇ ਪਹਿਲਾਂ ਹੀ ਕੰਜ਼ਰਵੇਟਿਵਾਂ ਨੇ ਆਪਣੇ ਇਲੈਕਸ਼ਨ ਪਲੇਟਫਾਰਮ ਸਬੰਧੀ ਬੈਲੈਂਸ ਸ਼ੀਟ ਪੇਸ਼ ਕੀਤੀ।

# ਟਰੂਡੋ ਉੱਤੇ ਬੱਜਰੀ ਸੁੱਟਣ ਦੇ ਮਾਮਲੇ ਦੀ ਪੁਲਿਸ ਕਰ ਰਹੀ ਹੈ ਜਾਂਚ

ਓਟਵਾ, 9 ਸਤੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਲਿਬਰਲ ਆਗੂ ਜਸਟਿਨ ਟਰੂਡੋ ਦੀ ਕੈਂਪੇਨ ਦੌਰਾਨ ਉਨ੍ਹਾਂ ਉੱਤੇ ਬੱਜਰੀ ਸੁੱਟੇ ਜਾਣ ਦੇ ਮਾਮਲੇ ਦੀ ਲੰਡਨ, ਓਨਟਾਰੀਓ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਦੱਖਣਪੱਛਮੀ ਓਨਟਾਰੀਓ ਸਿਟੀ ਵਿੱਚ ਪੁਲਿਸ ਸਰਵਿਸ ਦੇ ਬੁਲਾਰੇ ਨੇ ਦੱਸਿਆ ਕਿ ਉਹ ਇਸ ਘਟਨਾ ਦੇ ਸਬੰਧ ਵਿੱਚ ਜਨਤਾ ਤੋਂ ਜਾਣਕਾਰੀ ਇੱਕਠੀ ਕਰ ਰਹੇ ਹਨ। ਮੰਗਲਵਾਰ ਨੂੰ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਬੱਜਰੀ ਵੱਜੀ ਜ਼ਰੂਰ ਪਰ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਸਬੰਧ ਵਿੱਚ ਕੀ ਕਾਰਵਾਈ ਕਰਨੀ ਚਾਹੀਦੀ ਹੈ ਇਹ ਉਹ ਪੁਲਿਸ ਉੱਤੇ ਛੱਡਦੇ ਹਨ।

ਇਸ ਘਟਨਾ ਦੌਰਾਨ ਨਿੱਕੇ ਪੱਥਰ ਨਾ ਸਿਰਫ ਟਰੂਡੋ ਨੂੰ ਹੀ ਵੱਜੇ ਸਗੋਂ ਈਵੈਂਟ ਨੂੰ ਕਵਰ ਕਰ ਰਹੇ ਪੱਤਰਕਾਰਾਂ ਦੇ ਨਾਲ ਨਾਲ ਟਰੂਡੋ ਦੀ ਹਿਫਾਜ਼ਤ ਵਿੱਚ ਤਾਇਨਾਤ ਆਰਸੀਐਮਪੀ ਮੈਂਬਰਾਂ ਨੂੰ ਵੀ ਵੱਜੇ। ਟਰੂਡੋ ਨੇ ਮਾਂਟਰੀਅਲ ਵਿੱਚ ਇੱਕ ਈਵੈਂਟ ਦੌਰਾਨ ਆਖਿਆ ਕਿ ਇਸ ਤਰ੍ਹਾਂ ਦੀ ਹਰਕਤ ਸਵੀਕਾਰੀ ਨਹੀਂ ਜਾ ਸਕਦੀ ਕਿ ਲੋਕ ਸਿਆਸੀ ਰੈਲੀ ਦੌਰਾਨ ਚੀਜ਼ਾਂ ਸੁੱਟਣ ਤੇ ਹੋਰਨਾਂ ਨੂੰ ਖਤਰੇ ਵਿੱਚ ਪਾਉਣ।

ਇਸ ਦੌਰਾਨ ਟੋਰਾਂਟੋ ਵਿੱਚ ਚੋਣ ਪ੍ਰਚਾਰ ਕਰ ਰਹੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਇਸ ਤਰ੍ਹਾਂ ਦਾ ਵਿਵਹਾਰ ਸਹੀ ਨਹੀਂ ਹੈ ਤੇ ਇਹ ਕਿਸੇ ਦੀ ਵੀ ਬਰਦਾਸ਼ਤ ਤੋਂ ਬਾਹਰ ਹੋਵੇਗਾ। ਉਨ੍ਹਾਂ ਆਖਿਆ ਕਿ ਜਦੋਂ ਕੋਈ ਕਿਸੇ ਉੱਤੇ ਪੱਥਰ ਸੁੱਟਦਾ ਹੈ ਤਾਂ ਉਸ ਦਾ ਇਰਾਦਾ ਦੂਜੇ ਨੂੰ ਨੁਕਸਾਨ ਪਹੁੰਚਾਉਣਾ ਹੁੰਦਾ ਹੈ ਤੇ ਇਹ ਗਲਤ ਹੈ। ਹੋਰਨਾਂ ਆਗੂਆਂ ਵੱਲੋਂ ਵੀ ਇਸ ਤਰ੍ਹਾਂ ਦੀ ਘਟਨਾ ਦੀ ਨਿਖੇਧੀ ਕੀਤੀ ਗਈ।

# ਓਟੂਲ ਨੇ ਮੁਕਾਬਲੇਬਾਜ਼ੀ ਲਈ ਇੰਟਰਨੈਸ਼ਨਲ ਟੈਲੀਕਮਿਊਨਿਕੇਸ਼ਨ ਕੰਪਨੀਜ਼ ਨੂੰ ਕੈਨੇਡਾ ਲਿਆਉਣ ਦਾ ਕੀਤਾ ਵਾਅਦਾ



ਓਟਵਾ, 9 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਇਸ ਵਿਸ਼ਵਾਸ ਨਾਲ ਇੰਟਰਨੈਸ਼ਨਲ ਟੈਲੀਕਮਿਊਨਿਕੇਸ਼ਨ ਕੰਪਨੀਜ਼ ਨੂੰ ਕੈਨੇਡਾ ਲਿਆਉਣ ਦਾ ਵਾਅਦਾ ਕੀਤਾ ਜਾ ਰਿਹਾ ਹੈ ਤਾਂ ਕਿ ਲੋਕਾਂ ਦੇ ਸੈੱਲਫੋਨ ਤੇ ਇੰਟਰਨੈੱਟ ਦੇ ਬਿੱਲ ਘੱਟ ਹੋ ਸਕਣ।

ਉਨ੍ਹਾਂ ਆਖਿਆ ਕਿ ਕੈਨੇਡੀਅਨਜ਼ ਨੂੰ ਇਨ੍ਹਾਂ ਸੇਵਾਵਾਂ ਲਈ ਕਾਫੀ ਉੱਚੀਆਂ ਕੀਮਤਾਂ ਅਦਾ ਕਰਨੀਆਂ ਪੈਂਦੀਆਂ ਹਨ ਤੇ ਇਸ ਦਾ ਇੱਕੋ ਕਾਰਨ ਮੁਕਾਬਲੇਬਾਜ਼ੀ ਦੀ ਘਾਟ ਹੈ। ਟੋਰੀ ਆਗੂ ਨੇ ਵਾਅਦਾ ਕੀਤਾ ਕਿ ਕੈਨੇਡਾ ਵਿੱਚ ਕੌਮਾਂਤਰੀ ਕੰਪਨੀਆਂ ਨੂੰ ਇਜਾਜ਼ਤ ਦੇਣ ਨਾਲ ਕੈਨੇਡੀਅਨ ਕੰਪਨੀਆਂ ਵਿੱਚ ਵੀ ਮੁਕਾਬਲੇਬਾਜ਼ੀ ਵਧੇਗੀ ਤੇ ਉਹ ਵੀ ਆਪਣੀਆਂ ਦਰਾਂ ਘਟਾਉਣ ਬਾਰੇ ਸੋਚਣਗੀਆਂ।

ਓਟੂਲ ਨੇ 2025 ਤੱਕ ਸਾਰੇ ਕੈਨੇਡੀਅਨਜ਼ ਦੀ ਪਹੁੰਚ ਹਾਈ ਸਪੀਡ ਇੰਟਰਨੈੱਟ ਤੱਕ ਕਰਵਾਉਣ ਲਈ ਕੈਨੇਡਾ ਦੇ ਡਿਜੀਟਲ ਇਨਫਰਾਸਟ੍ਰਕਚਰ ਦੇ ਨਿਰਮਾਣ ਦਾ ਵੀ ਐਲਾਨ ਕੀਤਾ। ਪਾਰਟੀ ਦਾ ਕਹਿਣਾ ਹੈ ਕਿ ਉਹ ਰੌਜਰ ਤੇ ਸ਼ਾਅ ਦਰਮਿਆਨ ਪ੍ਰਸਤਾਵਿਤ ਰਲੇਵੇਂ ਨੂੰ ਲੈ ਕੇ ਵੀ ਚਿੰਤਤ ਹੈ। ਓਟੂਲ ਨੇ ਆਖਿਆ ਕਿ ਉਹ ਉਸ ਸੂਰਤ ਵਿੱਚ ਹੀ ਅਜਿਹੇ ਰਲੇਵੇਂ ਨੂੰ ਹਰੀ ਝੰਡੀ ਦੇ ਸਕਦੇ ਹਨ ਜੇ ਉਹ ਮੁਕਾਬਲੇਬਾਜ਼ੀ ਜਾਰੀ ਰੱਖ ਸਕੇ।

ਓਟੂਲ ਪਿਛਲੇ ਕਈ ਦਿਨਾਂ ਤੋਂ ਹਥਿਆਰਾਂ ਤੇ ਹਥਿਆਰਾਂ ਦੇ ਜਿਹੜੇ ਮਾਡਲ ਉੱਤੇ ਉਹ ਪਾਬੰਦੀ ਲਾਉਣਾ ਚਾਹੁੰਦੇ ਹਨ, ਇਸ ਸਬੰਧ ਵਿੱਚ ਪੁੱਛੇ ਜਾ ਰਹੇ ਸਵਾਲਾਂ ਦੇ ਜਵਾਬ ਦੇਣ ਤੋਂ ਟਾਲਾ ਵੱਟਦੇ ਆ ਰਹੇ ਹਨ।

# ਗੋਲੀ ਲੱਗਣ ਕਾਰਨ ਇੱਕ ਹਲਾਕ




ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਵਾਪਰੇ ਘਾਤਕ ਗੋਲੀਕਾਂਡ ਦੀ ਟੋਰਾਂਟੋ ਪੁਲਿਸ ਜਾਂਚ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਨੂੰ ਡਰਿਫਟਵੁੱਡ ਐਵਨਿਊ ਤੇ ਗ੍ਰੈਂਡ ਰੇਵੀਨ ਡਰਾਈਵ ਇਲਾਕੇ ਵਿੱਚ ਗੋਲੀਆਂ ਚੱਲਣ ਦੀ ਰਿਪੋਰਟ ਮਿਲਣ ਤੋਂ ਬਾਅਦ ਉਹ ਮੌਕੇ ਉੱਤੇ ਪਹੁੰਚੇ। ਮੌਕੇ ਉੱਤੇ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ, ਉਸ ਦੇ ਗੋਲੀ ਲੱਗੀ ਸੀ। ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਵਿਅਕਤੀ ਦਮ ਤੋੜ ਗਿਆ।

ਮਾਮਲੇ ਦੀ ਜਾਂਚ ਹੋਮੀਸਾਈਡ ਡਵੀਜ਼ਨ ਦੇ ਜਾਂਚਕਾਰਾਂ ਵੱਲੋਂ ਕੀਤੀ ਜਾ ਰਹੀ ਹੈ।

# ਟਰੱਕ ਤੇ ਕਾਰ ਵਿਚਾਲੇ ਟੱਕਰ ਵਿੱਚ ਦੋ ਜ਼ਖ਼ਮੀ

ਇਟੋਬੀਕੋ, 9 ਸਤੰਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਇੱਕ ਟਰਾਂਸਪੋਰਟ ਟਰੱਕ ਤੇ ਕਾਰ ਵਿਚਾਲੇ ਹੋਈ ਟੱਕਰ ਵਿੱਚ ਦੋ ਵਿਅਕਤੀ ਜ਼ਖ਼ਮੀ ਹੋ ਗਏ।

ਸਵੇਰੇ 6:30 ਵਜੇ ਹੌਰਨਰ ਐਵਨਿਊ ਤੇ ਬ੍ਰਾਊਨਜ਼ ਲਾਈਨ ਉੱਤੇ ਵਾਪਰੇ ਇਸ ਹਾਦਸੇ ਦੀ ਜਾਣਕਾਰੀ ਦੇ ਕੇ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਇਸ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਪੁਰਸ਼ ਤੇ ਮਹਿਲਾ ਨੂੰ ਇਲਾਜ ਲਈ ਫੌਰਨ ਹਸਪਤਾਲ ਲਿਜ-ਾਇਆ ਗਿਆ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਥੋੜ੍ਹੇ ਸਮੇਂ ਲਈ ਇਸ ਇਲਾਕੇ ਵਿੱਚ ਸੜਕਾਂ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਤਾਲਿਬਾਨ ਨੇ ਅਫਗਾਨਿਸਤਾਨ ਤੋਂ ਲੋਕਾਂ ਨੂੰ ਛਡਵਾਉਣ ਲਈ ਭੇਜੇ ਜਹਾਜ਼ ਰੋਕੇ



ਕਾਬੁਲ, 9 ਸਤੰਬਰ (ਪੋਸਟ ਬਿਊਰੋ) :ਤਾਲਿਬਾਨ ਤੋਂ ਬਚਣ ਲਈ ਅਫਗਾਨਿਸਤਾਨ ਛੱਡਣ ਦੀ ਫਿਰਾਕ ਵਿੱਚ ਸੈਂਕੜੇ ਲੋਕਾਂ ਨੂੰ ਲਿਜਾਣ ਲਈ ਘੱਟੋ ਘੱਟ ਚਾਰ ਚਾਰਟਰਡ ਜਹਾਜ਼ ਭੇਜੇ ਜਾਣ ਦੇ ਬਾਵਜੂਦ ਲੋਕ ਉੱਥੋਂ ਬਾਹਰ ਨਹੀਂ ਆ ਸਕੇ। ਇੱਕ ਪਾਸੇ ਅਮਰੀਕਾ ਉੱਤੇ ਲੋਕਾਂ ਨੂੰ ਉੱਥੋਂ ਬਾਹਰ ਕੱਢਣ ਲਈ ਦਬਾਅ ਵੱਧ ਰਿਹਾ ਹੈ ਤੇ ਦੂਜੇ ਪਾਸੇ ਤਾਲਿਬਾਨ ਵੱਲੋਂ ਲੋਕਾਂ ਨੂੰ ਇੰਜ ਬਾਹਰ ਕੱਢਣ ਲਈ ਭੇਜੇ ਜਾ ਰਹੇ ਜਹਾਜ਼ਾਂ ਉੱਤੇ ਤਾਲਿਬਾਨ ਵੱਲੋਂ ਰੋਕ ਲਾ ਦਿੱਤੀ ਗਈ ਹੈ। ਪਰ ਤਾਲਿਬਾਨ ਨੇ ਇਸ ਤਰ੍ਹਾਂ ਰੋਕ ਲਾਏ ਜਾਣ ਦਾ ਕੋਈ ਕਾਰਨ ਨਹੀਂ ਦੱਸਿਆ ਹੈ।

ਮਜ਼ਾਰ ਏ ਸ਼ਰੀਫ ਸਿਟੀ ਤੋਂ ਏਅਰਪੋਰਟ ਉੱਤੇ ਕੰਮ ਕਰਨ ਵਾਲੇ ਇੱਕ ਅਫਗਾਨੀ ਅਧਿਕਾਰੀ ਨੇ ਦੱਸਿਆ ਕਿ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨ ਵਾਲਿਆਂ ਵਿੱਚ ਬਹੁਤੇ ਅਫਗਾਨੀ ਹਨ। ਉਨ੍ਹਾਂ ਕੋਲ ਪਾਸ-ਪੋਰਟ ਜਾਂ ਵੀਜ਼ਾ ਵੀ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਦੇਸ਼ ਛੱਡਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਇੱਕ ਵਾਰੀ ਮਸਲਾ ਹੱਲ ਹੋਣ ਤੋਂ ਬਾਅਦ ਉਨ੍ਹਾਂ ਨੂੰ ਏਅਰਪੋਰਟ ਛੱਡਣ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ।

ਪਰ ਅਮਰੀਕਾ ਦੀ ਹਾਊਸ ਫੌਰਨ ਅਫੇਅਰਜ਼ ਕਮੇਟੀ ਦੇ ਇੱਕ ਉੱਘੇ ਰਿਪਬਲਿਕਨ ਅਧਿਕਾਰੀ ਨੇ ਆਖਿਆ ਕਿ ਇਸ ਗਰੁੱਪ ਵਿੱਚ ਅਮਰੀਕੀ ਵੀ ਸ਼ਾਮਲ ਸਨ ਤੇ ਉਹ ਜਹਾਜ਼ਾਂ ਵਿੱਚ ਵੀ ਬੈਠ ਚੁੱਕੇ ਸਨ ਪਰ ਉਨ੍ਹਾਂ ਦੇ ਜਹਾਜ਼ਾਂ ਨੂੰ ਟੇਕ ਆਫ ਨਹੀਂ ਕਰਨ ਦਿੱਤਾ ਗਿਆ ਤੇ ਉਨ੍ਹਾਂ ਨੂੰ ਬੰਧੀ ਬਣਾ ਲਿਆ ਗਿਆ ਹੈ। ਉਨ੍ਹਾਂ ਇਹ ਨਹੀਂ ਦੱਸਿਆ ਕਿ ਇਹ ਜਾਣਕਾਰੀ ਉਨ੍ਹਾਂ ਨੂੰ ਕਿੱਥੋਂ ਮਿਲੀ ਹੈ।ਪਰ ਇਸ ਮਾਮਲੇ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ।

# 1000 ਦਿਨਾਂ ਤੋਂ ਚੀਨ ਵਿੱਚ ਨਜ਼ਰਬੰਦ ਕੋਵਰਿਗ ਤੇ ਸਪੇਵਰ ਨੂੰ ਛਡਵਾਉਣ ਲਈ ਫੈਡਰਲ ਆਗੂਆਂ ਨੇ ਕੀਤੇ ਵਾਅਦੇ

ਓਟਵਾ, 9 ਸਤੰਬਰ (ਪੋਸਟ ਬਿਊਰੋ) : ਐਤਵਾਰ ਨੂੰ ਫੈਡਰਲ ਆਗੂਆਂ ਨੇ ਹੋਰਨਾਂ ਮੁੱਦਿਆਂ ਸਮੇਤ ਚੀਨ ਵਿੱਚ ਨਜ਼ਰਬੰਦ ਦੋ ਕੈਨੇਡੀਅਨਜ਼ ਦੇ ਸਮਰਥਨ ਵਿੱਚ ਆਪਣੀ ਚੋਣ ਮੁਹਿੰਮ ਚਲਾਈ। ਇਨ੍ਹਾਂ ਦੋਵਾਂ ਕੈਨੇਡੀਅਨਜ਼ ਨੂੰ ਚੀਨ ਵਿੱਚ ਨਜ਼ਰਬੰਦ ਕੀਤਿਆਂ ਨੂੰ 1000 ਦਿਨ ਹੋ ਗਏ ਹਨ।

ਇਸ ਦੌਰਾਨ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਆਪਣੀ ਪਾਰਟੀ ਦੀ ਗੰਨ ਪਾਲਿਸੀ ਬਾਰੇ ਸਫਾਈ ਦਿੰਦੇ ਨਜ਼ਰ ਆਏ। ਉਨ੍ਹਾਂ ਦੀ ਪਾਰਟੀ ਵੱਲੋਂ ਤਥਾ ਕਥਿਤ ਤੌਰ ਉੱਤੇ ਅਸਾਲਟ ਸਟਾਈਲ ਹਥਿਆਰਾਂ ਤੋਂ ਪਾਬੰਦੀ ਹਟਾਏ ਜਾਣ ਨੂੰ ਲੈ ਕੇ ਲਿਬਰਲ ਪਾਰਟੀ ਵੱਲੋਂ ਉਨ੍ਹਾਂ ਦੀ ਪਾਰਟੀ ਉੱਤੇ ਕਈ ਦਿਨਾਂ ਤੋਂ ਹਮਲੇ ਕੀਤੇ ਜਾ ਰਹੇ ਸਨ।ਗ੍ਰੇਟਰ ਟੋਰਾਂਟੋ ਏਰੀਆ ਵਿੱਚ ਆਪਣੀ ਕੈਂਪੇਨ ਦੌਰਾਨ ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਇੱਕ ਵਾਰੀ ਫਿਰ ਕੰਜ਼ਰਵੇਟਿਵ ਆਗੂ ਦੀ ਇਸ ਨੀਤੀ ਦੀ ਨੁਕਤਾਚੀਨੀ ਕੀਤੀ ਗਈ। ਇਸ ਤੋਂ ਕਈ ਘੰਟੇ ਬਾਅਦ ਓਟੂਲ ਨੇ ਆਪਣੀ ਸਥਿਤੀ ਨੂੰ ਪਲਟਦਿਆਂ ਆਖਿਆ ਕਿ ਉਹ 2020 ਵਿੱਚ ਲਾਈ ਗਈ ਇਸ ਪਾਬੰਦੀ ਨੂੰ ਜਾਰੀ ਰੱਖਣਗੇ ਤੇ ਜੇ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਇਸ ਦਾ ਮੁਲਾਂਕਣ ਕਰਵਾਉਣਗੇ।

ਪਰ ਟਰੂਡੋ ਨੇ ਆਪਣੇ ਦਿਨ ਦੀ ਸ਼ੁਰੂਆਤ ਇਹ ਆਖਦਿਆਂ ਹੋਇਆਂ ਕੀਤੀ ਕਿ ਮਾਈਕਲ ਕੋਵਰਿਗ ਤੇ




ਮਾਈਕਲ ਸਪੇਵਰ ਦੇ ਰਿਸ਼ਤੇਦਾਰਾਂ ਲਈ ਇਹ ਘੜੀ ਕਾਫੀ ਮੁਸ਼ਕਲ ਹੈ।ਟਰੂਡੋ ਨੇ ਆਖਿਆ ਕਿ ਉਨ੍ਹਾਂ ਵੱਲੋਂ ਦੋਵਾਂ ਵਿਅਕਤੀਆਂ ਦੇ ਪਰਿਵਾਰਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਗਿਆ ਹੈ ਕਿ ਕੌਮਾਂਤਰੀ ਭਾਈਚਾਰਾ ਤੇ ਕੈਨੇਡੀਅਨਜ਼ ਉਨ੍ਹਾਂ ਦੇ ਨਾਲ ਹਨ। ਟਰੂਡੋ ਨੇ ਇਹ ਵੀ ਆਖਿਆ ਕਿ ਜਦੋਂ ਤੱਕ ਦੋਵਾਂ ਕੈਨੇਡੀਅਨਜ਼ ਨੂੰ ਰਿਹਾਅ ਨਹੀਂ ਕਰ ਦਿੱਤਾ ਜਾਂਦਾ ਉਨ੍ਹਾਂ ਦੀ ਸਰਕਾਰ ਆਰਾਮ ਨਾਲ ਨਹੀਂ ਬੈਠੇਗੀ।

ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਉਹ ਸੋਚ ਵੀ ਨਹੀਂ ਸਕਦੇ ਕਿ ਕੋਵਰਿਗ ਤੇ ਸਪੇਵਰ ਉੱਤੇ ਪਿਛਲੇ 1000 ਦਿਨਾਂ ਵਿੱਚ ਕੀ ਬੀਤ ਰਹੀ ਹੋਵੇਗੀ।ਨਾ ਤਾਂ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਹੀ ਖਿਆਲ ਰੱਖਿਆ ਜਾ ਰਿਹਾ ਹੈ ਤੇ ਨਾ ਹੀ ਉਨ੍ਹਾਂ ਦੀ ਮਰਿਆਦਾ ਦੀ ਹੀ ਕੋਈ ਪਰਵਾਹ ਕੀਤੀ ਜਾ ਰਹੀ ਹੈ ਜਿਹੜੀ ਕੈਨੇਡਾ ਦੇ ਕ੍ਰਿਮੀਨਲ ਜਸਟਿਸ ਸਿਸਟਮ ਵਿੱਚ ਲੋਕਾਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਆਖਿਆ ਕਿ ਸੱਤਾ ਵਿੱਚ ਆਉਣ ਉੱਤੇ ਉਹ ਦੋਵਾਂ ਕੈਨੇਡੀਅਨਜ਼ ਨੂੰ ਛੁਡਵਾਉਣ ਲਈ ਕੌਮਾਂਤਰੀ ਭਾਈਚਾਰੇ ਨਾਲ ਰਲ ਕੇ ਚੀਨ ਉੱਤੇ ਦਬਾਅ ਪਾਉਣਗੇ।

# ਇੱਕ ਵਿਅਕਤੀ ਨੂੰ ਮਾਰੀਆਂ ਗਈਆਂ ਕਈ ਗਲੀਆਂ, ਮਸ਼ਕੂਕ ਹਿਰਾਸਤ ’ਚ



ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਸ਼ੂਟਿੰਗ ਤੋਂ ਬਾਅਦ ਗੰਭੀਰ ਰੂਪ ਵਿੱਚ ਜ਼ਖ਼ਮੀ ਵਿਅਕਤੀ ਨੂੰ ਬਚਾਉਣ ਲਈ ਐਮਰਜੰਸੀ ਰਨ ਰਾਹੀਂ ਹਸਪਤਾਲ ਲਿਜਾਇਆ ਗਿਆ।

ਇਹ ਸ਼ੂਟਿੰਗ ਦੁਪਹਿਰੇ 1:20 ਉੱਤੇ ਸਟੀਲਜ਼ ਐਵਨਿਊ ਤੇ ਐਲਨੈੱਸ ਸਟਰੀਟ ਨੇੜੇ ਵਾਪਰੀ। ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਇੱਕ ਵਿਅਕਤੀ ਨੂੰ ਕਈ ਗੋਲੀਆਂ ਲੱਗਣ ਕਾਰਨ ਨਾਜ਼ੁਕ ਹਾਲਤ ਵਿੱਚ ਪਾਇਆ ਗਿਆ।ਯੌਰਕ ਰੀਜਨਲ ਪੁਲਿਸ ਵੀ ਮੌਕੇ ਉੱਤੇ ਪਹੁੰਚੀ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ।

ਟੋਰਾਂਟੋ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਸਮੇਂ ਕਿਸੇ ਹੋਰ ਮਸ਼ਕੂਕ ਬਾਰੇ ਕੋਈ ਜਾਣਕਾਰੀ ਨਹੀਂ ਹੈ।

## ਸਾਬਕਾ ਯੂ ਐਸ ਮਰੀਨ ਨੇ ਲਈ 4 ਵਿਅਕਤੀਆਂ ਦੀ ਜਾਨ

ਫਲੋਰਿਡਾ, 9 ਸਤੰਬਰ (ਪੋਸਟ ਬਿਊਰੋ) : ਐਤਵਾਰ ਸਵੇਰੇ ਸਾਬਕਾ ਯੂਐਸ ਮਰੀਨ ਵੱਲੋਂ ਗੋਲੀਆਂ ਮਾਰ ਕੇ ਚਾਰ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਮਾਰੇ ਗਏ ਲੋਕਾਂ ਵਿੱਚ ਇੱਕ ਮਾਂ ਤੇ ਉਸ ਦਾ ਬੱਚਾ ਵੀ ਸ਼ਾਮਲ ਹਨ। ਫਲੋਰਿਡਾ ਦੇ ਸ਼ੈਰਿਫ ਨੇ ਦੱਸਿਆ ਕਿ ਇਹ ਗੰਨਮੈਨ ਐਨਾ ਗੁੱਸੇ ਵਿੱਚ ਸੀ ਕਿ ਫੜ੍ਹੇ ਜਾਣ ਤੋਂ ਬਾਅਦ ਉਸ ਨੇ ਹਸਪਤਾਲ ਵਿੱਚ ਇੱਕ ਪੁਲਿਸ ਅਧਿਕਾਰੀ ਤੋਂ ਵੀ ਗੰਨ ਖੋਹਣ ਦੀ ਕੋਸ਼ਿਸ਼ ਕੀਤੀ।

ਪੋਕ ਕਾਊਂਟੀ ਸ਼ੈਰਿਫ ਗ੍ਰੇਡੀ ਜੱਡ ਨੇ ਦੱਸਿਆ ਕਿ 33 ਸਾਲਾ ਬ੍ਰਾਇਨ ਰਾਇਲੀ ਮਾਨਸਿਕ ਸਿਹਤ ਸਬੰਧੀ ਮੁੱਦਿਆਂ ਨਾਲ ਸਿੱਝ ਰਿਹਾ ਸੀ ਤੇ ਅਜੇ ਕੁੱਝ ਹਫਤੇ ਪਹਿਲਾਂ ਤੋਂ ਹੀ ਉਸ ਦੀ ਮਾਨਸਿਕ ਪਰੇਸ਼ਾਨੀ ਸਾਹ-ਮਣੇ ਆਉਣ ਲੱਗੀ ਸੀ। ਉਸ ਨੇ ਆਪਣੀ ਗਰਲਫਰੈਂਡ ਨੂੰ ਦੱਸਣਾ ਸ਼ੁਰੂ ਕੀਤਾ ਸੀ ਕਿ ਉਹ ਸਿੱਧਿਆਂ ਰੱਬ ਨਾਲ ਗੱਲ ਕਰ ਸਕਦਾ ਹੈ। ਜੱਡ ਨੇ ਦੱਸਿਆ ਕਿ ਲੇਕਲੈਂਡ ਹੋਮ ਦੇ ਬਾਹਰ ਪੁਲਿਸ ਤੇ ਡਿਪਟੀਜ਼ ਨਾਲ ਕੀਤੇ ਮੁਕਾਬਲੇ ਵਿੱਚ ਦਰਜਨਾਂ ਗੋਲੀਆਂ ਚਲਾਈਆਂ ਗਈਆਂ। ਅਧਿਕਾਰੀਆਂ ਨੂੰ ਇੱਕ 11 ਸਾਲਾ ਬੱਚੀ ਮਿਲੀ ਜਿਸ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਸਨ ਤੇ ਚਾਰ ਵਿਅਕਤੀ ਮ੍ਰਿਤਕ ਪਏ ਮਿਲੇ। ਮਾਰੇ ਗਏ ਲੋਕਾਂ ਵਿੱਚ 33 ਸਾਲਾ ਮਾਂ, ਜਿਸ ਨੇ ਆਪਣੇ 3 ਮਹੀਨਿਆਂ ਦੇ ਬੇਟੇ ਨੂੰ ਫੜ੍ਹਿਆ ਹੋਇਆ ਸੀ, ਬੱਚੇ ਦੀ 62 ਸਾਲਾ ਦਾਦੀ, ਜੋ ਕਿ ਨੇੜਲੇ ਘਰ ਵਿੱਚ ਹੀ ਰਹਿੰਦੀ ਸੀ, ਤੇ 40 ਸਾਲਾ ਵਿਅਕਤੀ ਸ਼ਾਮਲ ਸਨ।

ਐਤਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਜੱਡ ਨੇ ਆਖਿਆ



ਕਿ ਇਰਾਕ ਤੇ ਅਫਗਾਨਿਸਤਾਨ ਵਿੱਚ ਸ਼ਾਰਪ ਸ਼ੂਟਰ ਵਜੋਂ ਸੇਵਾ ਨਿਭਾਅ ਚੁੱਕੇ ਰਾਇਲੀ ਨੇ ਇਸ ਪਰਿਵਾਰ ਨੂੰ ਬਿਨਾਂ ਕਿਸੇ ਕਿੜ ਦੇ ਹੀ ਆਪਣਾ ਨਿਸ਼ਾਨਾ ਬਣਾਇਆ।ਮੁੱਢਲੇ ਸਬੂਤਾਂ ਤੋਂ ਸਾਹਮਣੇ ਆਇਆ ਕਿ 40 ਸਾਲਾ ਜੱਜ ਗਲੀਸਨ ਉਹ ਬਦਕਿਸਮਤ ਅਜਨਬੀ ਸੀ ਜਿਹੜਾ ਸ਼ਨਿੱਚਰਵਾਰ ਰਾਤ ਆਪਣੇ ਘਰ ਦੇ ਬਾਹਰ ਲਾਅਨ ਸਾਫ ਕਰ ਰਿਹਾ ਸੀ ਜਦੋਂ ਰਾਇਲੀ ਉੱਥੋਂ ਲੰਘਦਿਆਂ ਹੋਇਆਂ ਅਚਾਨਕ ਰੁਕਿਆ ਤੇ ਉਸ ਨੇ ਦੱਸਿਆ ਕਿ ਰੱਬ ਨੇ ਉਸ ਨੂੰ ਉੱਥੇ ਰੁਕਣ ਲਈ ਆਖਿਆ ਸੀ ਕਿਉਂਕਿ ਗਲੀਸਨ ਦੀ ਬੇਟੀ ਖੁਦਕੁਸ਼ੀ ਕਰਨ ਜਾ ਰਹੀ ਸੀ।

ਜੱਡ ਨੇ ਦੱਸਿਆ ਕਿ ਇੱਕ ਹੋਰ ਵਿਅਕਤੀ ਦਾ ਰਾਇਲੀ ਨਾਲ ਸਾਹ-ਮਣਾ ਹੋਇਆ ਤੇ ਉਸ ਨੇ ਆਖਿਆ ਕਿ ਉਸ ਦੀ ਇਹ ਕਹਾਣੀ ਸੱਚ ਨਹੀਂ ਹੈ ਤੇ ਉਸ ਨੇ ਇਹ ਚੇਤਾਵਨੀ ਵੀ ਦਿੱਤੀ ਕਿ ਜੇ ਉਹ ਉੱਥੋਂ ਨਾ ਗਿਆ ਤਾਂ ਉਹ ਪੁਲਿਸ ਸੱਦ ਲੈਣਗੇ। ਅਧਿਕਾਰੀ ਮੌਕੇ ਉੱਤੇ ਵੀ ਪਹੁੰਚੇ ਪਰ ਉਨ੍ਹਾਂ ਨੂੰ ਰਾਇਲੀ ਨਹੀਂ ਮਿਲਿਆ। ਨੌਂ ਘੰਟੇ ਬਾਅਦ ਰਾਇਲੀ ਸਵੇਰੇ 4:30 ਵਜੇ ਉੱਥੇ ਪਰਤਿਆ ਤੇ ਹਮਲੇ ਦੀ ਤਿਆਰੀ ਕਰਨ ਲੱਗਿਆ। ਥੋੜ੍ਹੀ ਦੂਰ ਰਹਿਣ ਵਾਲੇ ਇੱਕ ਲੈਫਟੀਨੈਂਟ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਪੁਲਿਸ ਨੂੰ ਆਗਾਹ ਕੀਤਾ ਤੇ ਗੋਲੀਆਂ ਦੀ ਆਵਾਜ਼ ਦਾ ਪਿੱਛਾ ਕਰਦੇ ਹੋਏ ਪੁਲਿਸ ਮੌਕੇ ਉੱਤੇ ਪਹੁੰਚੀ।

ਪਹਿਲਾਂ ਉਹ ਨਿਹੱਥਾ ਹੀ ਬਾਹਰ ਆਇਆ ਤੇ ਫਿਰ ਅਚਾਨਕ ਅੰਦਰ ਭੱਜ ਗਿਆ, ਫਿਰ ਉਸ ਵੱਲੋਂ ਹੋਰ ਗੋਲੀਆਂ ਚਲਾਈਆਂ ਗਈਆਂ ਤੇ ਇੱਕ ਮਹਿਲਾ ਤੇ ਬੱਚੇ ਦੇ ਚੀਕਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਅਧਿਕਾਰੀਆਂ ਨੇ ਘਰ ਦੇ ਸਾਹਮਣੇ ਵਾਲੇ ਪਾਸੇ ਤੋਂ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਉੱਥੇ ਬੈਰੀਕੇਡ ਲੱਗੇ ਹੋਏ ਸਨ। ਪੁਲਿਸ ਘਰ ਦੇ ਪਿਛਲੇ ਪਾਸੇ ਤੋਂ ਗਈ ਤਾਂ ਉੱਥੇ ਰਾਇਲੀ ਪੂਰੀ ਤਰ੍ਹਾਂ ਹਥਿਆਰਬੰਦ ਮਿਲਿਆ, ਉਸ ਨੇ ਪੂਰੇ ਸ਼ਰੀਰ ਉੱਤੇ ਕਵਚ ਪਾਇਆ ਹੋਇਆ ਸੀ, ਸਿਰ ਤੇ ਮੂੰਹ ਢਕਿਆ ਹੋਇਆ ਸੀ ਤੇ ਬੁਲਟ ਪਰੂਫ ਜੈਕੇਟ ਪਾਈ ਹੋਈ ਸੀ। ਪੁਲਿਸ ਦਾ ਰਾਇਲੀ ਨਾਲ ਮੁਕਾਬਲਾ ਹੋਇਆ, ਫਿਰ ਉਸ ਦੇ ਇੱਕ ਗੋਲੀ ਲੱਗੀ ਤੇ ਉਹ ਆਤਮ ਸਮਰਪਣ ਲਈ ਤਿਆਰ ਹੋ ਗਿਆ।

ਪੁਲਿਸ ਨੂੰ ਡਰ ਸੀ ਕਿ ਘਰ ਦੇ ਅੰਦਰ ਕਿਤੇ ਹੋਰ ਸ਼ੂਟਰ ਨਾ ਮੌਜੂਦ ਹੋਣ। ਘਰ ਦੇ ਅੰਦਰੋਂ ਮਦਦ ਦੀ ਪੁਕਾਰ ਸੁਣ ਕੇ ਇੱਕ ਸਾਰਜੈਂਟ ਹਿੰਮਤ ਕਰਕੇ ਅੰਦਰ ਗਿਆ ਤੇ 11 ਸਾਲਾ ਬੱਚੀ ਨੂੰ ਜ਼ਖ਼ਮੀ ਹਾਲਤ ਵਿੱਚ ਬਾਹਰ ਲਿਆਇਆ। ਉਸ ਬੱਚੀ ਨੇ ਹੀ ਦੱਸਿਆ ਕਿ ਘਰ ਵਿੱਚ ਚਾਰ ਲੋਕ ਮਰੇ ਪਏ ਹਨ। ਉਸ ਬੱਚੀ ਨੂੰ ਸੱਤ ਗੋਲੀਆਂ ਲੱਗੀਆਂ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜ-ਾਇਆ ਗਿਆ, ਉਸ ਦੇ ਬਚਣ ਦੀ ਪੂਰੀ ਉਮੀਦ ਹੈ।

## ਬਹੁਗਿਣਤੀ ਕੈਨੇਡੀਅਨਜ਼ ਨੂੰ ਚੋਣਾਂ ਤੋਂ ਬਾਅਦ ਟੈਕਸਾਂ ਵਿੱਚ ਵਾਧੇ ਦਾ ਖਦਸ਼ਾ : ਪੋਲ



ਓਟਵਾ, 9 ਸਤੰਬਰ (ਪੋਸਟ ਬਿਊਰੋ) : ਬਹੁਗਿਣਤੀ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਇਸ ਚੋਣ ਕੈਂਪੇਨ ਦੌਰਾਨ ਫੈਡਰਲ ਪਾਰਟੀਆਂ ਵੱਲੋਂ ਪ੍ਰਸਤਾਵਿਤ ਟੈਕਸ ਮਾਪਦੰਡਾਂ ਦਾ ਉਹ ਸਮਰਥਨ ਕਰਦੇ ਹਨ ਪਰ ਬਹੁਗਿਣਤੀ ਕੈਨੇਡੀਅਨਜ਼ ਦਾ ਮੰਨਣਾ ਹੈ ਕਿ ਜਦੋਂ ਸਾਰੀਆਂ ਵੋਟਾਂ ਦੀ ਗਿਣਤੀ ਪੂਰੀ ਹੋ ਜਾਵੇਗੀ ਤਾਂ ਉਨ੍ਹਾਂ ਨੂੰ ਹੋਰ ਜ਼ਿਆਦਾ ਟੈਕਸ ਅਦਾ ਕਰਨੇ ਪੈਣਗੇ।

ਯਾਹੂ/ਮਾਰੂ ਪਬਲਿਕ ਓਪੀਨੀਅਨ ਪੋਲ ਵਿੱਚ ਪਾਇਆ ਗਿਆ ਕਿ 82 ਫੀ ਸਦੀ ਕੈਨੇਡੀਅਨ ਦਾ ਮੰਨਣਾ ਹੈ ਕਿ ਖਰਚਿਆਂ ਵਿੱਚ ਹੋਣ ਵਾਲੇ ਵਾਧੇ ਤੇ ਘਾਟੇ ਦੇ ਆਕਾਰ ਕਾਰਨ ਉਨ੍ਹਾਂ ਦੀਆਂ ਜੇਬ੍ਹਾਂ ਉੱਤੇ ਬੋਝ ਹੋਰ ਵਧੇਗਾ। ਕੈਨੇਡੀਅਨਜ਼ ਦਾ ਇਹ ਵੀ ਮੰਨਣਾ ਹੈ ਕਿ ਫਿਰ ਭਾਵੇਂ ਕੋਈ ਵੀ ਪਾਰਟੀ ਸੱਤਾ ਵਿੱਚ ਆਵੇ ਇਸ ਨਾਲ ਕੋਈ ਫਰਕ ਨਹੀਂ ਪੈਣ ਵਾਲਾ। ਅਪਰੈਲ ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਫੈਡਰਲ ਲਿਬਰਲ ਸਰਕਾਰ ਨੇ ਇਸ ਵਿੱਤੀ ਵਰ੍ਹੇ ਦੌਰਾਨ 154·7 ਬਿਲੀਅਨ ਡਾਲਰ ਦਾ ਘਾਟਾ ਦਰਸਾਇਆ ਜਦਕਿ ਪਿਛਲੇ ਸਾਲ ਕੋਵਿਡ-19 ਮਹਾਂਮਾਰੀ ਕਾਰਨ 354·7 ਬਿਲੀਅਨ ਡਾਲਰ ਦਾ ਘਾਟਾ ਦਰਸਾਇਆ ਗਿਆ ਸੀ।

ਐਨਡੀਪੀ ਆਗੂ ਜਗਮੀਤ ਸਿੰਘ ਪਹਿਲਾਂ ਹੀ ਇਹ ਵਾਅਦਾ ਕਰ ਚੁੱਕੇ ਹਨ ਕਿ ਉਹ ਅਮੀਰ ਕੈਨੇਡੀਅਨਜ਼ ਤੇ ਕਾਰਪੋਰੇਸ਼ਨਜ਼ ਉੱਤੇ ਟੈਕਸ ਲਾਉਣ ਦੇ ਪਾਰਟੀ ਦੇ ਚਿਰਾਂ ਤੋਂ ਲੰਮੇਂ ਵਾਅਦੇ ਨੂੰ ਪੂਰਾ ਕਰਕੇ ਕਈ ਬਿਲੀਅਨ ਡਾਲਰ ਦੇ ਦੇਸ਼ ਦੇ ਘਾਟੇ ਨੂੰ ਖ਼ਤਮ ਕਰ ਸਕਦੇ ਹਨ। ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਕਿ ਬਹੁਗਿਣਤੀ ਕੈਨੇਡੀਅਨ ਕਿਸੇ ਵੀ ਪਾਰਟੀ ਦੇ ਜਿੱਤਣ ਉੱਤੇ ਟੈਕਸ ਮਾਪਦੰਡਾਂ ਦਾ ਪੱਖ ਪੂਰਦੇ ਹਨ। 82 ਫੀ ਸਦੀ ਕੈਨੇਡੀਅਨ ਮਹਿੰਗੀਆਂ ਕਾਰਾਂ, ਬੋਟਸ ਤੇ ਪ੍ਰਾਈਵੇਟ ਜੈੱਟ ਆਦਿ ਉੱਤੇ ਲਗਜ਼ਰੀ ਟੈਕਸ ਲਾਉਣ ਦੇ ਹੱਕ ਵਿੱਚ ਹਨ ਜਦਕਿ 81 ਫੀ ਸਦੀ ਵੱਧ ਆਮਦਨ ਵਾਲੇ ਲੋਕਾਂ ਉੱਤੇ ਵੈਲਥ ਟੈਕਸ ਲਾਉਣ ਦੇ ਹਮਾਇਤੀ ਹਨ।ਆਖਰੀ ਫੈਡਰਲ ਬਜਟ ਵਿੱਚ ਲਿਬਰਲਾਂ ਨੇ ਨਵੀਆਂ ਕਾਰਾਂ ਤੇ ਨਿਜੀ ਜਹਾਜ਼ਾਂ, ਜਿਨ੍ਹਾਂ ਦੀ ਕੀਮਤ 100,000 ਡਾਲਰ ਤੋਂ ਵੱਧ ਹੈ, ਨਿਜੀ ਵਰਤੋਂ ਵਾਲੀਆਂ ਬੋਟਸ, ਜਿਨ੍ਹਾਂ ਦੀ ਕੀਮਤ 250,000 ਡਾਲਰ ਤੋਂ ਵੱਧ ਹੈ, ਉੱਤੇ ਲਗਜ਼ਰੀ ਟੈਕਸ ਲਾਉਣ ਦਾ ਪ੍ਰਸਤਾਵ ਰੱਖਿਆ ਗਿਆ ਸੀ। 78 ਫੀ ਸਦੀ ਕੈਨੇਡੀਅਨਜ਼ ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਵਿੱਤੀ ਸੈਕਟਰ, ਜਿਵੇਂ ਕਿ ਬੈਂਕ ਤੇ ਇੰਸ਼ੋਰੈਂਸ ਕੰਪਨੀਆਂ, ਵਿੱਚ ਕਾਰੋਬਾਰਾਂ ਲਈ ਕਾਰਪੋਰੇਟ ਟੈਕਸ ਲਾਇਆ ਜਾਵੇ।

## ਜਗਮੀਤ ਸਿੰਘ ਨੇ ਪਬਲਿਕ ਟਰਾਂਜ਼ਿਟ ਨੂੰ 2030 ਤੱਕ ਪੂਰੀ ਤਰ੍ਹਾਂ ਇਲੈਕਟ੍ਰਿਕ ਬਣਾਉਣ ਦਾ ਕੀਤਾ ਵਾਅਦਾ



ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਨੇ ਪਬਲਿਕ ਟਰਾਂਜ਼ਿਟ ਫਲੀਟਸ ਨੂੰ 2030 ਤੱਕ ਪੂਰੀ ਤਰ੍ਹਾਂ ਇਲੈਕਟ੍ਰਿਕ ਬਣਾਉਣ ਲਈ ਮਿਊਂਸਪੈਲਿਟੀਜ਼ ਦੀ ਮਦਦ ਕਰਨ ਵਾਸਤੇ ਪਬਲਿਕ ਟਰਾਂਜ਼ਿਟ ਪ੍ਰੋਜੈਕਟਸ ਲਈ ਫੰਡਿੰਗ ਦੁੱਗਣੀ ਕਰਨ ਦਾ ਵਾਅਦਾ ਕੀਤਾ।

ਟੋਰਾਂਟੋ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਕਲਾਈਮੇਟ ਸੰਕਟ ਦੇ ਅਸਰ ਕਾਰਨ ਹੁਣੇ ਤੋਂ ਹੀ ਜੰਗਲ ਦੀ ਅੱਗ ਤੇ ਸੋਕਿਆਂ ਵਰਗੀਆਂ ਬਿਪਤਾਵਾਂ ਦੇ ਰੂਪ ਵਿੱਚ ਕੈਨੇਡਾ ਭਰ ਦੀਆਂ ਕਮਿਊਨਿਟੀਜ਼ ਨੂੰ ਵੱਡਾ ਨੁਕਸਾਨ ਸਹਿਣਾ ਪੈ ਰਿਹਾ ਹੈ। ਜਗਮੀਤ ਸਿੰਘ ਨੇ ਪਬਲਿਕ ਟਰਾਂਜ਼ਿਟ ਲਈ ਮਿਊਂਸਪੈਲਿਟੀਜ਼ ਨੂੰ ਦਿੱਤੇ ਜਾਣ ਵਾਲੇ 2·2 ਬਿਲੀਅਨ ਡਾਲਰ ਦੇ ਫੰਡ ਨੂੰ ਵਧਾ ਕੇ 4·4 ਬਿਲੀਅਨ ਡਾਲਰ ਕਰਨ ਦਾ ਤਹੱਈਆ ਪ੍ਰਗਟਾਇਆ।

ਉਨ੍ਹਾਂ ਇਹ ਵੀ ਆਖਿਆ ਕਿ ਲਿਬਰਲ ਆਗੂ ਜਸਟਿਨ ਟਰੂਡੋ ਕਲਾਈਮੇਟ ਚੇਂਜ ਬਾਰੇ ਆਪਣੇ ਹੀ ਵਾਅਦਿਆਂ ਨੂੰ ਤੋੜੀ ਜਾ ਰਹੇ ਹਨ ਤੇ ਇਸ ਤਰ੍ਹਾਂ ਇਸ ਖੇਤਰ ਵਿੱਚ ਜੀ-7 ਦੇਸ਼ਾਂ ਵਿੱਚ ਵੀ ਕੈਨੇਡਾ ਦੀ ਕਾਰਗੁਜ਼ਾਰੀ ਸੱਭ ਤੋਂ ਮਾੜੀ ਰਹੀ ਹੈ।

# ਪਾਰਟੀ ਆਗੂਆਂ ਨੇ ਇੱਕ ਦੂਜੇ ਉੱਤੇ ਤੇਜ਼ ਕੀਤੇ ਹਮਲੇ



ਓਟਵਾ, 9 ਸਤੰਬਰ (ਪੋਸਟ ਬਿਊਰੋ) : 2021 ਦੀਆਂ ਫੈਡਰਲ ਚੋਣਾਂ ਦੇ ਪ੍ਰਚਾਰ ਦੇ ਆਖਰੀ ਦੋ ਹਫਤਿਆਂ ਵਿੱਚ ਪਾਰਟੀ ਆਗੂਆਂ ਨੇ ਖੁਦ ਨੂੰ ਆਪਣੇ ਵਿਰੋਧੀਆਂ ਤੋਂ ਵੱਖ ਕਰਨ ਲਈ ਇੱਕ ਦੂਜੇ ਉੱਤੇ ਹਮਲੇ ਹੋਰ ਤੇਜ਼ ਕਰ ਦਿੱਤੇ ਹਨ। ਇਸ ਦਰਮਿਆਨ ਐਂਟੀ ਵੈਕਸੀਨੇਸ਼ਨ ਮੁਜ਼ਾਹਰਾਕਾਰੀਆਂ ਵੱਲੋਂ ਵੀ ਹਿੰਸਕ ਹਮਲੇ ਤੇਜ਼ ਕਰ ਦਿੱਤੇ ਗਏ ਹਨ।

ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਲੰਡਨ, ਓਨਟਾਰੀਓ ਵਿੱਚ ਕੀਤੇ ਜਾ ਰਹੇ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਉੱਤੇ ਬੱਜਰੀ ਸੁੱਟੇ ਜਾਣ ਦੇ ਮਾਮਲੇ ਦੀ ਨਿਖੇਧੀ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਕੀਤੀ ਗਈ। ਟਰੂਡੋ ਵੱਲੋਂ ਵੀ ਅਜਿਹੇ ਮੁਜ਼ਾਹਰਾਕਾਰੀਆਂ ਖਿਲਾਫ ਸਖ਼ਤ ਲਹਿਜਾ ਅਪਣਾਇਆ ਜਾ ਰਿਹਾ ਹੈ।ਮਾਂਟਰੀਅਲ ਵਿੱਚ ਟਰੂਡੋ ਨੇ ਐਲਾਨ ਕਰਦਿਆਂ ਆਖਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਕਾਰਨ ਉਹ ਆਪਣੇ ਰਾਹ ਤੋਂ ਥਿੜਕਣ ਨਹੀਂ ਵਾਲੇ ਸਗੋਂ ਹੁਣ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਜਿਸ ਕੋਲ ਸਕਿਉਰਿਟੀ ਗਾਰਡ ਨਹੀਂ ਹਨ, ਜਿਹੜੇ ਲੇਟ ਨਾਈਟ ਸ਼ਿਫਟ ਲਈ ਹਸਪਤਾਲ ਜਾਂਦੇ ਸਮੇਂ ਇਸ ਗੱਲ ਨੂੰ ਲੈ ਕੇ ਚਿੰਤਤ ਰਹਿੰਦੇ ਹਨ ਕਿ ਕੋਈ ਐਂਟੀ ਵੈਕਸਰ ਆ ਕੇ ਉਨ੍ਹਾਂ ਦਾ ਮਾਸਕ ਨਾ ਉਤਾਰ ਦੇਵੇ ਜਾਂ ਉਨ੍ਹਾਂ ਉੱਤੇ ਹਮਲਾ ਨਾ ਕਰ ਦੇਵੇ, ਅਜਿਹੇ ਲੋਕਾਂ ਦੀ ਹਿਫਾਜ਼ਤ ਯਕੀਨੀ ਬਣਾਈ ਜਾ ਸਕੇ।ਅਸੀਂ ਜਮਹੂਰੀ ਪ੍ਰਕਿਰਿਆ ਉੱਤੇ ਅਜਿਹੇ ਲੋਕਾਂ ਦੇ ਗੁੱਸੇ ਨੂੰ ਹਾਵੀ ਨਹੀਂ ਹੋਣ ਦੇਵਾਂਗੇ।

ਇਸ ਦੇ ਨਾਲ ਹੀ ਟਰੂਡੋ ਨੇ ਆਪਣੇ ਕੱਟੜ ਵਿਰੋਧੀ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੂੰ ਲੰਮੇਂ ਹੱਥੀਂ ਲੈਂਦਿਆਂ ਆਖਿਆ ਕਿ ਉਹ ਜਿਹੜੇ ਵਾਅਦੇ ਕਰ ਰਹੇ ਹਨ ਉਨ੍ਹਾਂ ਉੱਤੇ ਕਿੰਨਾਂ ਖਰਚਾ ਆਵੇਗਾ ਇਸ ਬਾਰੇ ਉਹ ਕੈਨੇਡੀਅਨਜ਼ ਨੂੰ ਕੁੱਝ ਨਹੀਂ ਦੱਸ ਰਹੇ। ਕੰਜ਼ਰਵੇਟਿਵਾਂ ਦੇ ਪਲੇਟਫਾਰਮ ਨੂੰ ਪਲੇਟਫਾਰਮ ਵੀ ਨਹੀਂ ਆਖਿਆ ਜਾ ਸਕਦਾ ਕਿਉਂਕਿ ਉਸ ਵਿੱਚ ਖਰਚੇ ਬਾਰੇ ਕੋਈ ਪਾਰਦਰਸ਼ਤਾ ਨਹੀਂ ਅਪਣਾਈ ਗਈ। ਲਿਬਰਲ ਪਲੇਟਫਾਰਮ ਵਾਂਗ ਉਨ੍ਹਾਂ ਵੱਲੋਂ ਇਹ ਨਹੀਂ ਦੱਸਿਆ ਜਾ ਰਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਉਹ ਕਿਸ ਅਧਾਰ ਉੱਤੇ ਬਜਟ ਨੂੰ ਸੰਤੁਲਿਤ ਕਰਨ ਦੇ ਦਾਅਵੇ ਕਰ ਰਹੇ ਹਨ। ਓਟੂਲ ਆਪਣਾ ਕੰਮ ਨਹੀਂ ਦਰਸ਼ਾ ਰਹੇ, ਉਨ੍ਹਾਂ ਵੱਲੋਂ ਇਸ ਬਾਬਤ ਕੋਈ ਹੋਮਵਰਕ ਨਹੀਂ ਕੀਤਾ ਜਾ ਰਿਹਾ।ਜੇ ਤੁਸੀਂ ਸਰਕਾਰ ਬਣਾਉਣ ਦਾ ਦਾਅਵਾ ਕਰ ਰਹੇ ਹੋਂ ਤਾਂ ਤੁਹਾਨੂੰ ਘੱਟੋ ਘੱਟ ਕੈਨੇਡੀਅਨਜ਼ ਨਾਲ ਤਾਂ ਇਮਾਨਦਾਰ ਹੋਣਾ ਹੀ ਹੋਵੇਗਾ।

ਇਸ ਦੀ ਪ੍ਰਤੀਕਿਰਿਆ ਵਜੋਂ ਓਟੂਲ ਨੇ ਆਖਿਆ ਕਿ ਉਨ੍ਹਾਂ ਦੇ ਪਲੇਟਫਾਰਮ ਵਿੱਚ ਗੰਨ ਕੰਟਰੋਲ ਪਾਲਿਸੀ ਨੂੰ ਲੈ ਕੇ ਤਬਦੀਲੀ ਤੋਂ ਇਲਾਵਾ ਸਾਰੇ ਖਰਚਿਆਂ ਦਾ ਵੇਰਵਾ ਦਿੱਤਾ ਜਾਵੇਗਾ, ਪਰ ਉਹ ਇਹ ਨਹੀਂ ਦੱਸ ਸਕੇ ਕਿ ਇਹ ਕਦੋਂ ਉਪਲਬਧ ਹੋਵੇਗਾ।ਓਟੂਲ ਵੱਲੋਂ ਆਪਣੇ ਸਾਰੇ ਉਮੀਦਵਾਰਾਂ ਨੂੰ ਵੈਕਸੀਨੇਟ ਕਰਵਾਉਣ ਦੀ ਸ਼ਰਤ ਵੀ ਨਹੀਂ ਰੱਖੀ ਗਈ ਉਨ੍ਹਾਂ ਵੱਲੋਂ ਸਗੋਂ ਰੈਪਿਡ ਟੈਸਟਿੰਗ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ।ਟਰੂਡੋ ਤੋਂ ਉਲਟ ਓਟੂਲ ਓਟਵਾ ਦੇ ਹੋਟਲ ਤੋਂ ਕੈਂਪੇਨਿੰਗ ਕਰ ਰਹੇ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਅਜਿਹਾ ਮਹਾਂਮਾਰੀ ਕਾਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਟਰੂਡੋ ਉੱਤੇ ਮੁਜ਼ਾਹਰਾਕਾਰੀਆਂ ਵੱਲੋਂ ਕੀਤੇ ਹਮਲੇ ਦੀ ਨਿਖੇਧੀ ਵੀ ਕੀਤੀ।

ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਕਈ ਮੁੱਦਿਆਂ ਉੱਤੇ ਟਰੂਡੋ ਦੇ ਪੱਖ ਨਾਲ ਅਸਹਿਮਤੀ ਪ੍ਰਗਟਾਈ ਤੇ ਆਖਿਆ ਕਿ ਕਲਾਈਮੇਟ ਸੰਕਟ ਵੱਲ ਵੀ ਉਨ੍ਹਾਂ ਦਾ ਧਿਆਨ ਬਹੁਤ ਘੱਟ ਹੈ।ਉਨ੍ਹਾਂ ਟਰੂਡੋ ਉੱਤੇ ਮੁਜ਼ਾਹਰਾਕਾਰੀਆਂ ਵੱਲੋਂ ਬੱਜਰੀ ਸੁੱਟੇ ਜਾਣ ਵਾਲੀ ਘਟਨਾ ਦੀ ਨਿਖੇਧੀ ਕੀਤੀ।ਟੋਰਾਂਟੋ ਵਿੱਚ ਚੋਣ ਪ੍ਰਚਾਰ ਕਰਦਿਆਂ ਉਨ੍ਹਾ ਆਖਿਆ ਕਿ ਤੁਸੀਂ ਆਪ ਵੇਖ ਚੁੱਕੇ ਹੋਂ ਕਿ ਭਾਵੇਂ ਹਾਊਸਿੰਗ, ਕਲਾਈਮੇਟ ਸੰਕਟ, ਅਫੋਰਡੇਬਿਲਿਟੀ ਜਾਂ ਹੈਲਥ ਕੇਅਰ ਵਰਗਾ ਕੋਈ ਵੀ ਮੁੱਦਾ ਹੋਵੇ, ਪਿਛਲੇ ਛੇ ਸਾਲਾਂ ਵਿੱਚ ਟਰੂਡੋ ਨੇ ਕੀ ਕੀਤਾ ਹੈ? ਉਨ੍ਹਾਂ ਅਜਿਹੇ ਮੁੱਦਿਆਂ ਨੂੰ ਆਪਣੀ ਤਰਜੀਹ ਕਦੇ ਨਹੀਂ ਬਣਾਇਆ।ਪਰ ਸਾਡੀ ਪਾਰਟੀ ਨੂੰ ਮੌਕਾ ਦੇ ਕੇ ਤੁਸੀਂ ਹਾਲਾਤ ਬਿਹਤਰ ਬਣਾ ਸਕਦੇ ਹੋਂ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

## ਕੈਨੇਡੀਅਨ ਪਰਿਵਾਰਾਂ ਲਈ ਚਾਈਲਡ ਕੇਅਰ ਦੀ ਅਹਿਮੀਅਤ ਨੂੰ ਕਿੰਨਾਂ ਕੁ ਪਛਾਣਦੀਆਂ ਹਨ ਸਿਆਸੀ ਪਾਰਟੀਆਂ ?

ਕੈਨੇਡੀਅਨ ਪਰਿਵਾਰਾਂ ਲਈ ਚਾਈਲਡ ਕੇਅਰ ਦਾ ਮੁੱਦਾ ਕਾਫੀ ਅਹਿਮ ਹੈ। ਫੈਡਰਲ ਚੋਣਾਂ ਦਰਮਿਆਨ ਇਹ ਮੁੱਦਾ ਵੀ ਕਾਫੀ ਭਖਵਾਂ ਬਣਿਆ ਹੋਇਆ ਹੈ ਤੇ ਵੱਖ ਵੱਖ ਪਾਰਟੀਆਂ ਕੈਨੇਡੀਅਨ ਪਰਿਵਾਰਾਂ ਦੀ ਇਸ ਰਮਜ ਨੂੰ ਪਛਾਣਦਿਆਂ ਹੋਇਆਂ ਕਈ ਤਰ੍ਹਾਂ ਦੇ ਦਾਅਵੇ ਕਰ ਰਹੀਆਂ ਹਨ। ਆਓ ਜਾਣਦੇ ਹਾਂ ਕਿ ਵੱਖ ਵੱਖ ਪਾਰਟੀਆਂ ਦੇ ਚਾਈਲਡ ਕੇਅਰ ਬਾਰੇ ਕੀ ਵਿਚਾਰ ਹਨ :

ਫੈਡਰਲ ਸਰਕਾਰ ਵੱਲੋਂ ਆਪਣੇ ਚਾਈਲਡ ਕੇਅਰ ਪਲੈਨ ਤਹਿਤ ਅਗਲੇ ਪੰਜ ਸਾਲਾਂ ਵਿੱਚ ਪ੍ਰੋਵਿੰਸਾਂ ਨਾਲ ਭਾਈਵਾਲੀ ਕਰਕੇ 30 ਬਿਲੀਅਨ ਡਾਲਰ ਖਰਚਣ ਦੀ ਯੋਜਨਾ ਉਲੀਕੀ ਗਈ ਹੈ। ਇਸ ਪਲੈਨ ਉੱਤੇ ਸਾਈਨ ਕਰਨ ਵਾਲੇ ਪ੍ਰੋਵਿੰਸ ਹੁਣ ਤੋਂ ਪੰਜ ਸਾਲ ਬਾਅਦ ਚਾਈਲਡ ਕੇਅਰ ਦਿਨ ਦੇ 10 ਡਾਲਰ ਉੱਤੇ ਮੁਹੱਈਆ ਕਰਵਾਉਣਗੇ।

ਆਰਥਿਕ ਲਿਹਾਜ ਨਾਲ ਲਿਬਰਲਾਂ ਵੱਲੋਂ ਇਸ ਪਲੈਨ ਨੂੰ ਸਹੀ ਦੱਸਿਆ ਜਾ ਰਿਹਾ ਹੈ ਤੇ ਪਾਰਟੀ ਦਾ ਕਹਿਣਾ ਹੈ ਕਿ ਮਹਾਂਮਾਰੀ ਕਾਰਨ ਘੱਟੋ ਘੱਟ 16000 ਮਹਿਲਾਵਾਂ ਕੰਮ ਤੋਂ ਵਿਹਲੀਆਂ ਹੋ ਗਈਆਂ ਹਨ। ਪਾਰਟੀ ਦਾ ਇਹ ਵੀ ਆਖਣਾ ਹੈ ਕਿ ਚਾਈਲਡ ਕੇਅਰ ਮੁਹੱਈਆ ਕਰਵਾਉਣ ਨਾਲ ਮਹਿਲਾਵਾਂ ਨੂੰ ਕੰਮ ਉੱਤੇ ਜਾਣ ਵਿੱਚ ਮਦਦ ਮਿਲੇਗੀ ਤੇ ਉਨ੍ਹਾਂ ਦੇ ਮੋਢਿਆਂ ਉੱਤੇ ਬੱਚਿਆਂ ਦੀ ਦੇਖਭਾਲ ਦੀ ਜਿਹੜੀ ਜ਼ਿੰਮੇਵਾਰੀ ਪਈ ਹੈ ਉਹ ਕਿਸੇ ਹੱਦ ਤੱਕ ਘੱਟ ਹੋ ਸਕੇਗੀ।ਐਨਡੀਪੀ, ਬਲਾਕ ਤੇ ਗ੍ਰੀਨਜ਼ ਕੁੱਝ ਹੱਦ ਤੱਕ ਚਾਈਲਡ ਕੇਅਰ ਪ੍ਰੋਗਰਾਮ ਦੇ ਹੱਕ ਵਿੱਚ ਹਨ ਪਰ ਕੰਜ਼ਰਵੇਟਿਵਾਂ ਵੱਲੋਂ ਲਿਬਰਲਾਂ ਦੇ ਇਸ ਪ੍ਰੋਗਰਾਮ ਨੂੰ ਮਨਸੂਖ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਇੱਥੇ ਹੀ ਬੱਸ ਨਹੀਂ ਕੰਜ਼ਰਵੇਟਿਵ ਇਸ ਨੂੰ ਟੈਕਸ ਕ੍ਰੈਡਿਟਸ ਦੀ ਸੀਰੀਜ਼ ਨਾਲ ਬਦਲਣ ਦੀ ਪੇਸ਼ਕਸ਼ ਕਰ ਰਹੇ ਹਨ ਜਿਹੜੀ ਲੋੜਵੰਦਾਂ ਨੂੰ ਚਾਈਲਡ ਕੇਅਰ ਕੌਸਟਸ ਲਈ ਮਹੀਨੇ ਦੇ 500 ਡਾਲਰ ਤੱਕ ਮੁਹੱਈਆ ਕਰਾਵੇਗੀ।

ਲਿਬਰਲਾਂ ਵੱਲੋਂ ਨੈਸ਼ਨਲ ਚਾਈਲਡ ਕੇਅਰ ਸਿਸਟਮ ਉੱਤੇ ਪੰਜ ਸਾਲਾਂ ਵਿੱਚ 30 ਬਿਲੀਅਨ ਡਾਲਰ ਨਿਵੇਸ਼ ਕੀਤੇ ਜਾਣ ਦੀ ਪੇਸ਼ਕਸ਼ ਕੀਤੀ ਗਈ ਹੈ ਤੇ ਇਹ ਪ੍ਰੋਗਰਾਮ ਉਨ੍ਹਾਂ ਦੇ ਬਜਟ ਦਾ ਅਹਿਮ ਹਿੱਸਾ ਸੀ।ਉਨ੍ਹਾਂ ਵੱਲੋਂ ਪੰਜ ਸਾਲਾਂ ਵਿੱਚ ਚਾਈਲਡ ਕੇਅਰ ਫੀਸ ਵਿੱਚ ਕਟੌਤੀ ਕਰਕੇ ਇਸ ਨੂੰ ਰੋਜ਼ਾਨਾ 10 ਡਾਲਰ ਕਰਨ ਲਈ ਅੱਠ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨਾਲ ਮਲਟੀ ਬਿਲੀਅਨ ਡਾਲਰ ਦੀ ਡੀਲ ਸਾਈਨ ਕੀਤੀ ਗਈ ਹੈ। ਲਿਬਰਲਾਂ ਦਾ ਕਹਿਣਾ ਹੈ ਕਿ ਉਹ ਅਰਲੀ ਲਰਨਿੰਗ ਤੇ ਚਾਈਲਡ ਕੇਅਰ ਲਈ 2022 ਦੇ ਅੰਤ ਤੱਕ ਔਸਤ ਫੀਸ ਵਿੱਚ 50 ਫੀ ਸਦੀ ਕਟੌਤੀ ਕਰਨੀ ਚਾਹੁੰਦੇ ਹਨ। ਇਸ ਪਲੈਨ ਵਿੱਚ ਇੰਡੀਜੀਨਸ ਅਰਲੀ ਲਰਨਿੰਗ ਤੇ ਚਾਈਲਡ ਕੇਅਰ ਲਈ ਵੀ 2·5 ਬਿਲੀਅਨ ਡਾਲਰ ਰਾਖਵੇਂ ਰੱਖੇ ਗਏ ਹਨ।

ਕੰਜ਼ਰਵੇਟਿਵਾਂ ਵੱਲੋਂ ਲਿਬਰਲਾਂ ਦੇ ਪਲੈਨ ਨੂੰ ਰੱਦ ਕਰਕੇ ਪ੍ਰੋਵਿੰਸ ਤੇ ਟੈਰੇਟਰੀਜ਼ ਨੂੰ ਪਹਿਲਾਂ ਤੋਂ ਹੀ ਭੁਗਤਾਨ ਕੀਤੇ ਜਾ ਚੁੱਕੇ ਫੰਡਾਂ ਤਹਿਤ ਡੀਲ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਟੋਰੀਜ਼ ਦੇ ਪਲੈਨ ਤਹਿਤ ਮੌਜੂਦਾ ਚਾਈਲਡ ਕੇਅਰ ਖਰਚਿਆਂ ਵਿੱਚ ਕਟੌਤੀ ਕਰਕੇ ਰਿਫੰਡੇਬਲ ਟੈਕਸ ਕ੍ਰੈਡਿਟ ਕਾਇਮ ਕੀਤਾ ਜਾਵੇਗਾ ਤੇ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਚਾਈਲਡ ਕੇਅਰ ਉੱਤੇ 75 ਫੀ ਸਦੀ ਤੱਕ ਛੋਟ ਦਿੱਤੀ ਜਾਵੇਗੀ। ਉਨ੍ਹਾਂ ਦਾ ਕਹਿਣਾ ਹੈ ਕਿ 30,000 ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ ਸਾਲ ਦੇ 6000 ਡਾਲਰ ਜਦਕਿ 50,000 ਡਾਲਰ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਨੂੰ 5,200 ਡਾਲਰ ਹਾਸਲ ਹੋਣਗੇ।

ਐਨਡੀਪੀ ਵੀ 10 ਡਾਲਰ ਪ੍ਰਤੀ ਦਿਨ ਵਾਲੇ ਚਾਈਲਡ ਕੇਅਰ ਪ੍ਰੋਗਰਾਮ ਦੇ ਹੱਕ ਵਿੱਚ ਹੈ। ਪਾਰਟੀ ਵੱਲੋਂ ਵੀ ਦੇਸ਼ ਭਰ ਵਿੱਚ ਚਾਈਲਡ ਕੇਅਰ ਲਈ ਕੁੱਝ ਹੋਰ ਕਰਨ ਵਾਸਤੇ ਫੰਡਿੰਗ ਕਰਨ ਦਾ ਕਰਾਰ ਕੀਤਾ ਜਾ ਰਿਹਾ ਹੈ।ਐਨਡੀਪੀ ਅਜਿਹਾ ਇਸ ਲਈ ਕਰ ਰਹੀ ਹੈ ਤਾਂ ਕਿ ਪਰਿਵਾਰਾਂ ਨੂੰ ਵੇਟ ਲਿਸਟਸ ਵਿੱਚ ਕਈ ਮਹੀਨੇ ਨਾ ਗੁਜ਼ਾਰਨੇ ਪੈਣ ਤੇ ਚਾਈਲਡ ਕੇਅਰ ਵਰਕਰਜ਼ ਨੂੰ ਵੀ ਜਾਇਜ਼ ਭੱਤੇ ਮਿਲਦੇ ਰਹਿਣ।ਐਨਡੀਪੀ ਨੇ ਅਜੇ ਇਸ ਸਬੰਧ ਵਿੱਚ ਕੋਈ ਪਲੈਨ ਪੇਸ਼ ਨਹੀਂ ਕੀਤਾ ਹੈ ਜਿਸ ਤੋਂ ਪਤਾ ਲੱਗ ਸਕੇ ਕਿ ਇਹ ਸਭ ਕਿਵੇਂ ਕੰਮ ਕਰੇਗਾ।

ਬਲਾਕ ਕਿਊਬਿਕੁਆ ਵੱਲੋਂ ਮੌਜੂਦਾ ਚਾਈਲਡ ਕੇਅਰ ਪ੍ਰੋਗਰਾਮ ਉੱਤੇ ਚਿੰਤਾ ਪ੍ਰਗਟਾਉਂਦਿਆਂ ਇਹ ਸਵਾਲ ਉਠਾਇਆ ਹੈ ਕਿ ਓਟਵਾ ਪ੍ਰੋਵਿੰਸਾਂ ਨੂੰ ਇਸ ਮਾਮਲੇ ਵਿੱਚ ਕਿਸ ਤਰ੍ਹਾਂ ਹੁਕਮ ਜਾਰੀ ਕਰ ਸਕਦਾ ਹੈ। ਉਨ੍ਹਾਂ ਇਸ ਸਬੰਧ ਵਿੱਚ ਕਿਊਬਿਕ ਨੂੰ ਬਿਨਾਂ ਕਿਸੇ ਸ਼ਰਤ ਦੇ ਫੰਡ ਟਰਾਂਸਫਰ ਕਰਨ ਦੀ ਮੰਗ ਕੀਤੀ।

ਇਸ ਦੌਰਾਨ ਗ੍ਰੀਨ ਪਾਰਟੀ ਨੇ ਯੂਨੀਵਰਸਲ ਤੇ ਕਿਫਾਇਤੀ ਅਰਲੀ ਲਰਨਿੰਗ ਤੇ ਚਾਈਲਡ ਕੇਅਰ ਸਿਸਟਮ ਕਾਇਮ ਕਰਨ ਦਾ ਤਹੱਈਆ ਪ੍ਰਗਟਾਇਆ। ਪਰ ਪਾਰਟੀ ਵੱਲੋਂ ਇਸ ਉੱਤੇ ਕਿੰਨਾਂ ਖਰਚਾ ਕੀਤਾ ਜਾਵੇਗਾ ਇਸ ਬਾਰੇ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਪਾਰਟੀ ਨੇ ਇਹ ਵੀ ਆਖਿਆ ਹੈ ਕਿ ਉਹ ਪੇਰੈਂਟਲ ਲੀਵ ਨੂੰ ਹੋਰ ਸੁਖਾਲਾ ਬਣਾਵੇਗੀ ਤੇ ਇਸ ਲਈ ਬਿਹਤਰ ਅਦਾਇਗੀ ਵੀ ਯਕੀਨੀ ਬਣਾਵੇਗੀ। ਇਸ ਤੋਂ ਇਲਾਵਾ ਇਹ ਛੂਟੀ ਉਨ੍ਹਾਂ ਨੂੰ ਵੀ ਦਿੱਤੀ ਜਾਵੇਗੀ ਜਿਨ੍ਹਾ ਦਾ ਮਿਸਕੈਰੇਜ ਹੋਇਆ ਹੋਵੇ ਜਾਂ ਫਿਰ ਜਿਨ੍ਹਾਂ ਨੂੰ ਪਰਿਵਾਰ ਦੇ ਕਿਸੇ ਬਜ਼ੁਰਗ ਦੀ ਸਾਂਭ ਸੰਭਾਲ ਕਰਨੀ ਹੋਵੇਗੀ।

ਪੀਪਲਜ਼ ਪਾਰਟੀ ਦੇ ਪਲੇਟਫਾਰਮ ਵਿੱਚ ਚਾਈਲਡ ਕੇਅਰ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ।

## ਅੱਜ ਨਾਮਾ

ਵੱਜਦਾ ਢੋਲ ਤਾਂ ਡੌਲੇ ਈ ਫਰਕ ਪੈਂਦੇ,
ਲੱਗਦੇ ਹੋਣ ਭਲਵਾਨ ਤਿਆਰ ਮੀਆਂ।
ਇਹੀ ਚੋਣਾਂ ਦੇ ਮੌਸਮ ਦੀ ਬਾਤ ਹੁੰਦੀ,
ਜਿਸ ਦੇ ਹੁੰਦੇ ਨੇ ਬੜੇ ਬਿਮਾਰ ਮੀਆਂ।
ਪਹਿਲਾਂ ਟਿਕਟ ਦੇ ਵਾਸਤੇ ਜ਼ੋਰ ਲੱਗੇ,
ਹੁੰਦਾ ਮਸਾਂ ਪੜਾਅ ਉਹ ਪਾਰ ਮੀਆਂ।
ਮਗਰੋਂ ਲੋਕਾਂ ਦਾ ਮਾਰਨਾ ਪਵੇ ਤਰਲਾ,
ਰੁੱਸੇ ਮੰਨਦੇ ਛੇਤੀ ਨਹੀਂ ਯਾਰ ਮੀਆਂ।
ਰਹੀ ਕਸਰ ਫਿਰ ਅੰਤ ਦਾ ਦੌਰ ਕੱਢੇ,
ਵੰਡਣੇ ਨੋਟਾਂ ਦੇ ਪੈਂਦੇ ਨੇ ਰੁੱਗ ਮੀਆਂ।
ਤਾਂ ਵੀ ਹਾਰ ਨਾ ਜਿੱਤ ਦਾ ਪਤਾ ਲੱਗੇ,
ਰਿਹਾ ਨਾਹੀਂ ਭਰੋਸੇ ਦਾ ਯੁੱਗ ਮੀਆਂ।

**ਤੀਸ ਮਾਰ ਖਾਂ**

# ਦਿੱਲੀ ਗੁਰਦੁਆਰਾ ਚੋਣ ਮੌਕੇ ਬਦਤਮੀਜ਼ੀ, ਬਾਦਲ ਧੜੇ ਦੇ ਮੈਂਬਰਲੁਬਾਣਾ ਨੇ ਚੋਣ ਡਾਇਰੈਕਟਰ ਵੱਲ ਜੁੱਤੀ ਸੁੱਟੀ

* ਸਰਨਾ ਨੂੰ ਹਰਾਉਣ ਤੋਂ ਬਾਦਲ ਅਕਾਲੀ ਦਲ ਨਾਕਾਮ ਰਿਹਾ

ਨਵੀਂ ਦਿੱਲੀ, 9 ਸਤੰਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਵੱਲੋਂ ਦੋ ਹੋਰ ਮੈਂਬਰਾਂ ਦੀ ਕੋਆਪਸ਼ਨ ਦੀ ਚੋਣ ਮੌਕੇ ਚੋਣ ਡਾਇਰੈਕਟਰ ਨਰਿੰਦਰ ਸਿੰਘ ਉੱਤੇ ਵੀਰਵਾਰ ਸ਼ਾਮ ਹਮਲੇ ਦੀ ਕੋਸ਼ਿਸ਼ ਕੀਤੀ ਗਈ। ਉਹ ਆਪਣੇ ਦਫ਼ਤਰ ਤੋਂ ਨਿਕਲ ਕੇ ਸੁਰੱਖਿਆ ਹੇਠ ਆਪਣੀ ਗੱਡੀ ਵੱਲ ਜਾ ਰਹੇ ਸਨ ਤਾਂ ਇਸ ਮੌਕੇ ਉਨ੍ਹਾਂ ਵਿਰੁੱਧ ਨਾਅਰੇ ਮਾਰ ਰਹੇ ਬਾਦਲ ਅਕਾਲੀ ਦਲ ਦੇ ਆਗੂਆਂ ਵਿੱਚੋਂ ਉਨ੍ਹਾਂ ਵੱਲ ਨੂੰ ਜੁੱਤੀ ਸੁੱਟੀ ਗਈ। ਦੋਸ਼ ਹੈ ਕਿ ਹਰਕਤ ਬਾਦਲ ਅਕਾਲੀ ਦਲ ਦੀ ਟਿਕਟ ਉੱਤੇ ਚੁਣੇ ਗਏ ਮੈਂਬਰ ਆਤਮਾ ਸਿੰਘ ਲੁਬਾਣਾ ਨੇ ਕੀਤੀ ਹੈ।

ਅੱਜ ਵੀਰਵਾਰ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਵਿੱਚ ਨਾਮਜ਼ਦ ਮੈਂਬਰਾਂ ਦੀ ਚੋਣ ਮੌਕੇ ਜਾਗੋ ਪਾਰਟੀ ਦੇ ਇਤਰਾਜ਼ ਕਾਰਨਦਿੱਲੀ ਗੁਰਦੁਆਰਾ ਕਮੇਟੀ ਦੇ ਨਾਮਜ਼ਦ ਹੋਏ ਮੈਂਬਰ ਮਨਜਿੰ-ਦਰ ਸਿੰਘ ਸਿਰਸਾ ਨੂੰ ਸਰਟੀਫਿਕੇਟ ਜਾਰੀ ਨਹੀਂ ਕੀਤਾ ਗਿਆ। ਇਸ ਤੋਂ ਨਾਰਾਜ਼ ਅਕਾਲੀ ਆਗੂਆਂਅਤੇ ਵਰਕਰਾਂ ਨੇ ਡਾਇਰੈਕਟੋਰੇਟ ਦੇ ਬਾਹਰ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਫਿਰ ਜਦੋਂ ਚੋਣ ਡਾਇਰੈਕਟਰ ਸੁਰੱਖਿਆ ਘੇਰੇ ਵਿੱਚਆਪਣੀ ਗੱਡੀ ਵੱਲ ਚੱਲੇ ਤਾਂ ਨਾਅਰੇਬਾਜ਼ੀ ਕਰਦੇ ਕਈ ਨੇਤਾ ਉਨ੍ਹਾਂ ਕੋਲ ਪੁੱਜਣ ਦੀ ਕੋਸ਼ਿਸ਼ ਕਰਦੇ ਰਹੇ, ਪਰ ਸੁਰੱਖਿਆ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਰੋਕ ਲਿਆ। ਇਸ ਦੌਰਾਨ ਨਾਅਰੇ ਲਾ ਰਹੇ ਲੋਕਾਂ ਵਿੱਚੋਂ ਉਨ੍ਹਾਂ ਵੱਲ ਜੁੱਤੀ ਦਾ ਇੱਕ ਛਿੱਤਰ ਸੁੱਟਿਆ ਗਿਆ।

ਜੱਗ ਆਸਰਾ ਗੁਰੂ ਓਟ (ਜਾਗੋ) ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਇਸ ਘਟਨਾ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਬਾਦਲ ਅਕਾਲੀ ਦਲ ਦੇ ਨੇਤਾ ਚੋਣ ਵਿਚ ਗੜਬੜ ਦੀ ਕੋਸ਼ਿਸ਼ ਕਰ ਰਹੇ ਹਨਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਚੁਣੇ ਹੋਏ ਮੈਂਬਰ ਦੀ ਇਸ ਹਰਕਤ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ, ਉਸ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।ਦੂਸਰੇ ਪਾਸੇ ਬਾਦਲ ਅਕਾਲੀ ਦਲ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਦਾ ਕਹਿਣਾ ਹੈ ਕਿ ਚੋਣਾਂ ਦੇ ਡਾਇਰੈਕਟਰ ਨੇ ਨਿਯਮਾਂ ਦੀ ਅਣਦੇਖੀ ਕੀਤੀਤੇ ਉਨ੍ਹਾਂ ਦੀ ਪਾਰਟੀ ਵਿਰੁੱਧ ਕਈ ਫ਼ੈਸਲੇ ਲਏ ਹੋਣ ਕਾਰਨ ਨਾਰਾਜ਼ ਨੇਤਾਵਾਂ ਤੇ ਵਰਕਰਾਂ ਨੇ ਰੋਸ ਪ੍ਰਗਟਾਇਆ ਹੈ, ਪਰ ਜੁੱਤੀ ਸੁੱਟਣ ਦੀ ਜਾਣਕਾਰੀ ਉਨ੍ਹਾਂ ਨੂੰ ਨਹੀਂ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐੱਸਜੀਐੱਮਸੀ) ਲਈ ਅੱਜ ਹੋਈ ਕੋਆਪਸ਼ਨ ਦੌਰਾਨ ਸ਼੍ਰੋਮਣੀ ਅਕਾਲੀ ਦਲ ਦਿੱਲੀਦੇ ਪ੍ਰਧਾਨ ਪਰਮਜੀਤ ਸਿੰਘ


ਆਤਮਾ ਸਿੰਘ ਲੁਬਾਣਾ

ਸਰਨਾ ਨੂੰ ਇਸ ਸੰਸਥਾ ਵਿਚ ਪੁੱਜਣ ਤੋਂ ਰੋਕਣ ਲਈ ਬਾਦਲ ਅਕਾਲੀ ਦਲ ਦੀ ਕੋਸ਼ਿਸ਼ ਨਾਕਾਮ ਰਹੀ। ਸਰਨਾ ਨੂੰ ਨਾਮਜ਼ਦ ਮੈਂਬਰਾਂ ਵਾਸਤੇ ਹੋਈ ਚੋਣ ਵਿਚ ਸਭ ਤੋਂ ਵੱਧ 18 ਵੋਟਾਂ ਮਿਲੀਆਂ, ਜਦ ਕਿ ਦੂਸਰੀ ਸੀਟ ਲਈ ਬਾਦਲ ਅਕਾਲੀ ਦਲ ਦੇ ਵਿਕਰਮ ਸਿੰਘ ਰੋਹਿਣੀ ਨੂੰ 15 ਅਤੇ ਬਾਦਲ ਅਕਾਲੀ ਦਲ ਦੇ ਹਾਰ ਗਏਆਗੂ ਜਸਵਿੰਦਰ ਸਿੰਘ ਜੌਲੀ ਨੂੰ 12 ਵੋਟਾਂ ਮਿਲੀਆਂ।ਦਿੱਲੀ ਦੇ ਪ੍ਰੀਤ ਵਿਹਾਰ ਤੋਂ ਚੁਣੇ ਗਏ ਮੈਂਬਰ ਦਾ ਕੇਸ ਹਾਈ ਕੋਰਟ ਵਿਚ ਪੈਂਡਿੰਗ ਹੋਣ ਕਾਰਨ ਇਸ ਕੋਆਪਸ਼ਨ ਦਾ ਨਤੀਜਾ ਅਜੇ ਐਲਾਨ ਨਹੀਂ ਕੀਤਾ ਗਿਆ। ਅਕਾਲੀ ਦਲ ਦਿੱਲੀ (ਸਰਨਾ) ਦੇ ਇਕ ਨਵੇਂ ਚੁਣੇ ਉਮੀਦਵਾਰ ਨੂੰ ਆਪਣੇ ਨਾਲ ਜੋੜਨ ਮਗਰੋਂਬਾਦਲ ਅਕਾਲੀ ਦਲ ਦੀ ਕੋਸ਼ਿਸ਼ ਵਿਰੋਧੀ ਧਿਰ ਦੇ ਹੋਰ ਮੈਂਬਰਾਂ ਨੂੰ ਆਪਣੇ ਨਾਲ ਜੋੜਨ ਦੀ ਸੀ, ਤਾਂ ਕਿਨਾਲ ਸਰਨਾ ਨੂੰ ਦਿੱਲੀ ਗੁਰਦੁਆਰਾਕਮੇਟੀ ਤੋਂ ਬਾਹਰ ਰੱਖਿਆ ਜਾ ਸਕੇ ਅਤੇ ਬਾਦਲ ਅਕਾਲੀ ਦਲ ਨੇ ਵੱਧ ਮੈਂਬਰ ਹੋਣ ਦੇ ਬਾਵਜੂਦ ਆਪਣੇ ਦੋ ਉਮੀਦਵਾਰ ਖੜੇ ਕੀਤੇ ਸਨ। ਪਾਰਟੀ ਦੀ ਇਹ ਰਣਨੀਤੀ ਕੰਮ ਨਹੀਂ ਆਈ ਅਤੇ ਸਰਨਾ ਪਾਰਟੀ ਦੇ 13 ਮੈਂਬਰਾਂ ਦੇ ਨਾਲ ਜੱਗ ਆਸਰਾ ਗੁਰੂ ਓਟ (ਜਾਗੋ) ਦੇ ਤਿੰਨ ਅਤੇ ਪੰਥਕ ਅਕਾਲੀ ਲਹਿਰ ਦੇ ਇਕ ਅਤੇ ਇਕ ਆਜ਼ਾਦ ਮੈਂਬਰ ਇਕੱਠੇ ਰਹੇ, ਜਦ ਕਿ ਬਾਦਲ ਅਕਾਲੀ ਦਲ ਦੇ ਦੋ ਉਮੀਦਵਾਰਾਂ ਵਿਚ ਵੋਟਾਂ ਵੰਡੀਆਂ ਜਾਣ ਨਾਲ ਸੱਟ ਖਾ ਗਏ। ਬਾਦਲ ਅਕਾਲੀ ਦਲ ਕੋਲ ਕੁਲ 27 ਚੁਣੇ ਹੋਏਅਤੇ ਅਕਾਲੀ ਦਲ ਦਿੱਲੀ ਤੋਂ ਆਏ ਇਕ ਮੈਂਬਰ ਨੂੰ ਮਿਲਾ ਕੇ 28 ਵੋਟਾਂ ਹਨ। ਇਸ ਵਿੱਚੋਂ ਪ੍ਰੀਤ ਵਿਹਾਰ ਤੋਂ ਚੁਣੇ ਗਏ ਭੁਪਿੰਦਰ ਸਿੰਘ ਭੁੱਲਰ ਦੀ ਜਿੱਤ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਹੋਈ ਹੈ। ਭੁੱਲਰ ਛੇ ਵੋਟਾਂ ਦੇ ਫਰਕ ਨਾਲ ਜਿੱਤੇ ਸਨ ਤੇ ਦੋਬਾਰਾ ਵੋਟਾਂ ਦੀ ਗਿਣਤੀ ਦੀ ਮੰਗ ਲਈ ਜਾਗੋ ਦੇ ਉਮੀਦਵਾਰ ਮੰਗਲ ਸਿੰਘ ਨੇ ਕੜਕੜਡੂਮਾ ਨੇ ਅਦਾਲਤ ਵਿਚਅਰਜ਼ੀ ਦਿੱਤੀ ਸੀ। ਅਦਾਲਤ ਨੇ ਭੁੱਲਰਨੂੰ ਨਾਮਜ਼ਦ ਮੈਂਬਰਾਂ ਦੀ ਚੋਣ ਵਿਚਵੋਟਿੰਗਦੀ ਰੋਕ ਦਿੱਤਾ ਤਾਂ ਭੁੱਲਰ ਨੇ ਇਸ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਅਜੇ ਇਸ ਦਾ ਵਿਚ ਫ਼ੈਸਲਾ ਨਹੀਂ ਦਿੱਤਾ, ਇਸ ਲਈ ਭੁੱਲਰ ਦੀ ਵੋਟ ਬੰਦ ਲਿਫ਼ਾਫ਼ੇ ਵਿਚ ਅਦਾਲਤ ਵਿਚ ਜਮ੍ਹਾਂ ਕਰਾਈ ਗਈ ਹੈ, ਜਿਸ ਫ਼ੈਸਲਾ ਹੋਣ ਪਿੱਛੋਂ ਅੱਜ ਦੀ ਚੋਣ ਦਾ ਨਤੀਜਾ ਦੱਸਿਆ ਜਾਵੇਗਾ।

# ਕੈਪਟਨ ਦਾ ਸਿਆਸੀ ਧਮਾਕਾ, ਮੁੱਖ ਮੰਤਰੀ ਦਾ ਸਿਆਸੀ ਕੰਮ-ਕਾਜ ਲਾਲ ਸਿੰਘ ਦੇਖਣਗੇ

* ਧੜੇਬੰਦੀ ਵਿੱਚ ਆਪਣਾ ਧੜਾ ਮਜ਼ਬੂਤ ਕਰਨ ਦੀ ਨਵੀਂ ਚਾਲ ਚੱਲੀ

ਚੰਡੀਗੜ੍ਹ, 9 ਸਤੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਚੱਲਦੀ ਧੜੇਬੰਦੀ ਦੌਰਾਨ ਅੱਜਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣਾ ਧੜਾ ਮਜ਼ਬੂਤ ਕਰਨ ਲਈ ਵੱਡਾ ਸਿਆਸੀ ਫ਼ੈਸਲਾ ਲਿਆ ਅਤੇ ਪਾਰਟੀ ਦੇ ਸੀਨੀਅਰ ਆਗੂ ਲਾਲ ਸਿੰਘ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ ਅਤੇ ਨਾਲ ਐਲਾਨ ਕੀਤਾ ਹੈ ਕਿ ਲਾਲ ਸਿੰਘ ਅੱਗੇ ਤੋਂਮੁੱਖ ਮੰਤਰੀ ਨਾਲ ਸੰਬੰਧਤ ਸਾਰਾ ਸਿਆਸੀ ਕੰਮ-ਕਾਜ ਦੇਖਣਗੇ।

ਸਿਆਸੀ ਮਾਹਰਾਂ ਦੀ ਸਮਝ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੀ ਇਹ ਵੱਡੀ ਸਿਆਸੀ ਚਾਲ ਹੈ। ਲਾਲ ਸਿੰਘ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਹਨ ਤੇ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਰਹਿ ਚੁੱਕੇ ਹਨ। ਉਨ੍ਹਾਂ ਨੂੰ ਲੰਬਾ ਪ੍ਰਸ਼ਾਸਨਿਕ ਤਜਰਬਾ ਹੈ।ਮੁੱਖ ਮੰਤਰੀ ਵੱਲੋਂਬਣਾਈ ਕਮੇਟੀ ਇਸ ਲਈ ਵੀ ਮਹੱਤਵਪੂਰਨ ਹੈ ਕਿ ਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਕਾਂਗਰਸ ਭਵਨ ਵਿੱਚ ਮੰਤਰੀਆਂ ਦੇ ਬੈਠਣ ਦੀ ਡਿਊਟੀ ਲਾਈ ਹੈ ਤੇ ਕਾਂਗਰਸ ਦੇ ਆਗੂ ਤੇ ਵਰਕਰ ਕੰਮ-ਕਾਜ ਕਰਾਉਣ ਲਈ ਓਧਜਾਣ ਲੱਗੇ ਹਨ। ਇਸ ਨਾਲ ਸਿੱਧੂ ਦਾ ਕੱਦ



ਵਧਦਾ ਵੇਖ ਕੇ ਇਸ ਤਰ੍ਹਾਂ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਦੀ ਅਗਵਾਈ ਹੇਠ ਇਹ ਚਾਰ ਮੈਂਬਰੀ ਕਮੇਟੀ, ਜਿਸ ਵਿਚ ਵਿਧਾਇਕ ਰਾਜ ਕੁਮਾਰ ਚੱਬੇਵਾਲ, ਕੁਸ਼ਲਦੀਪ ਸਿੰਘ ਢਿੱਲੋਂ ਅਤੇ ਸੁਰਿੰਦਰ ਡਾਬਰ ਨੂੰ ਸ਼ਾਮਲ ਕੀਤਾ ਗਿਆ ਹੈ, ਅੱਜ ਤੋਂ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿੱਚ ਬੈਠੇਗੀ ਅਤੇ ਇਹ ਕਮੇਟੀ ਨਾ ਸਿਰਫ਼ ਮੁੱਖ ਮੰਤਰੀ ਦੇ ਸਿਆਸੀ ਕੰਮ-ਕਾਜ ਦੇਖੇਗੀ, ਸਗੋਂ ਸਰਕਾਰੀ ਅਧਿਕਾਰੀਆਂ ਤੋਂ ਲੋੜੀਂਦੇ ਜ਼ਰੂਰੀ ਕੰਮ ਵੀ ਕਰਵਾਏਗੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਨਾਲ ਜਿਵੇਂ ਕਾਂਗਰਸ ਨੇ ਦਲਿਤ ਤੇ ਹਿੰਦੂ ਪੱਤਾ ਖੇਡਦੇ ਹੋਏ ਵੱਖ-ਵੱਖ ਆਗੂਆਂ ਨੂੰ ਕਾਰਜਕਾਰੀ ਪ੍ਰਧਾਨ ਲਾਇਆ ਹੈ, ਉਸੇ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਨੇ ਪੱਛੜੀ ਸ਼੍ਰੇਣੀ, ਹਿੰਦੂ, ਦਲਿਤ ਤੇ ਜੱਟ ਪੱਤਾ ਖੇਡਦੇ ਹੋਏ ਚਾਰ ਵਿਧਾਇਕਾਂ ਨੂੰ ਇਸ ਕਮੇਟੀ ਵਿਚ ਸ਼ਾਮਲ ਕੀਤਾ ਹੈ। ਉਂਜਮੁੱਖ ਮੰਤਰੀ ਦੇ ਇਕ ਦਰਜਨ ਦੇ ਕਰੀਬ ਸਲਾਹਕਾਰ ਅਤੇ ਓਐੱਸਡੀ ਪਹਿਲਾਂ ਤੋਂ ਹਨ, ਪਰ ਲਗਾਤਾਰ ਸਿਆਸੀ ਆਗੂਆਂ, ਵਿਧਾਇਕਾਂ ਦੀਆਂ ਮੁੱਖ ਮੰਤਰੀ ਪ੍ਰਤੀ ਇਹ ਸ਼ਿਕਾਇਤ ਹੈ ਕਿ ਮਿਲਦੇ ਨਹੀਂ ਹਨ। ਹਰ ਵਿਅਕਤੀ ਦੀ ਮੁੱਖ ਮੰਤਰੀ ਤਕ ਪਹੁੰਚ ਸੰਭਵ ਨਹੀਂਤੇ ਵੱਡੀ ਗੱਲ ਹੈ ਕਿ ਮੁੱਖ

ਮੰਤਰੀ ਦੇ ਜੋਸਿਆਸੀਕੰਮ ਪਹਿਲਾਂ ਪੁਲੀਟੀਕਲਸੈਕਟਰੀ ਵਜੋਂ ਕੈਪਟਨ ਸੰਦੀਪ ਸੰਧੂ ਦੇਖਦੇ ਸਨ, ਕਾਂਗਰਸ ਦਾ ਸੱਤਾ ਪਰਿਵਰਤਨ ਹੋਣ ਨਾਲ ਕਾਂਗਰਸ ਭਵਨ ਦੀ ਕਮਾਨ ਨਵਜੋਤ ਸਿੱਧੂ ਦੇ ਕੋਲ ਜਾਣਨਾਲ ਜਨਰਲ ਸੈਕਟਰੀ ਪਰਗਟ ਸਿੰਘ ਉਹ ਸਿਆਸੀ ਕੰਮ-ਕਾਜ ਦੇਖਣ ਲੱਗ ਪਏ ਹਨ ਤੇ ਕੈਪਟਨ ਸੰਦੀਪ ਸੰਧੂ ਆਪਣੇ ਵਿਧਾਨ ਸਭਾ ਹਲਕਾ ਦਾਖਾ ਵਿਚ ਸਿਆਸੀ ਸਰਗਰਮੀਆਂ ਕਰਨ ਲੱਗ ਪਏ ਸਨ, ਜਿਸ ਦੇ ਕਾਰਨ ਉਨ੍ਹਾਂ ਦੀ ਪੰਜਾਬ ਸਰਕਾਰ ਦੇ ਸਿਵਲ ਸੈਕਟਰੀਏਟ ਵਿਚ ਪਹਿਲਾਂ ਦੇ ਮੁਕਾਬਲੇ ਹਾਜ਼ਰੀ ਘੱਟ ਹੋ ਗਈ ਸੀ।

# ਕਾਬੁਲ ਵਿੱਚਰੋਸ ਮੁਜ਼ਾਹਰੇ ਕਰਦੀਆਂ ਔਰਤਾਂ'ਤੇ ਤਾਲਿਬਾਨ ਨੇ ਕੋੜੇ ਵਰ੍ਹਾਏ

* ਕਵਰੇਜ ਕਰਦੇ ਪੱਤਰਕਾਰਵੀ ਕੁੱਟ-ਕੁੱਟ ਲਹੂ-ਲੁਹਾਨ ਕੀਤੇ

ਕਾਬੁਲ, 9 ਸਤੰਬਰ, (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਅੰਤ੍ਰਿਮ ਸਰਕਾਰ ਬਣਦੇ ਸਾਰ ਤਾਲਿਬਾਨੀ ਜ਼ੁਲਮ ਸਿਖਰ ਉੱਤੇ ਪਹੁੰਚ ਗਿਆ ਅਤੇ ਉਨ੍ਹਾਂ ਦੀਆਂ ਜ਼ਿਆਦਤੀਆਂ ਜਨਤਕ ਥਾਂਵਾਂ ਉੱਤੇ ਸ਼ਰੇਆਮ ਦੇਖਣ ਨੂੰ ਮਿਲ ਰਹੀਆਂ ਹਨ। ਅੱਜ ਵੀਰਵਾਰ ਨੂੰ ਉਨ੍ਹਾਂ ਨੇ ਆਪਣੇ ਅਧਿਕਾਰਾਂ ਲਈ ਸੰਘਰਸ਼ ਕਰਦੀਆਂ ਔਰਤਾਂ ਨੂੰ ਰਾਜਧਾਨੀ ਕਾਬੁਲ ਵਿੱਚ ਮੁਜ਼ਾਹਰੇ ਦੌਰਾਨ ਬੁਰੀ ਤਰ੍ਹਾਂ ਕੋੜੇ ਮਾਰੇ ਅਤੇ ਲਾਠੀਆਂ ਨਾਲ ਵਹਿਸ਼ੀ ਢੰਗ ਨਾਲ ਕੁੱਟਿਆ।

ਖਬਰ ਏਜੰਸੀਦੇ ਮੁਤਾਬਕ ਇਸ ਮੁਜ਼ਾਹਰੇ ਦੌਰਾਨ ਤਾਲਿਬਾਨ ਨੇ ਔਰਤਾਂ ਨੂੰ ਦੌੜ ਜਾਣ ਨੂੰ ਕਿਹਾ ਅਤੇ ਉਨ੍ਹਾਂਨੂੰ ਕੋੜੇ ਮਾਰਨੇ ਸ਼ੁਰੂ ਕਰ ਦਿੱਤੇ। ਕਈ ਤਾਲਿਬਾਨ ਦੇ ਹੱਥਾਂ ਵਿੱਚ ਲਾਠੀਆਂ ਸਨ, ਜਿਨ੍ਹਾਂ ਨਾਲ ਔਰਤਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਜਾ ਰਿਹਾ ਸੀ।ਇਸ ਮੌਕੇ ਵੀ ਔਰਤਾਂ ਕਹਿੰਦੀਆਂ ਰਹੀਆਂ, 'ਅਸੀਂ ਆਜ਼ਾਦੀ ਦੇ ਤਰਾਨੇ ਗਾਉਂਦੇ ਰਹਾਂਗੇ।' ਮੁਜ਼ਾਹਰੇ ਵਿੱਚਸ਼ਾਮਲ ਇਕ ਔਰਤ ਨੇ ਦੱਸਿਆ ਕਿ ਅਸੀਂ ਕਿਸੇ ਵੀ ਔਰਤ ਨੂੰ ਸਰਕਾਰ ਵਿੱਚ ਸ਼ਾਮਲ ਨਾ ਕਰਨ ਦਾ ਵਿਰੋਧ ਕਰਦੇ ਹਾਂ।ਉਸ ਨੇ ਦੱਸਿਆ ਕਿ ਤਾਲਿਬਾਨ ਨੇ ਘਰ ਜਾਣ ਨੂੰ ਕਿਹਾ ਤੇ ਫਿਰ ਸਾਨੂੰ ਕੋੜੇ ਮਾਰਨ ਲੱਗ ਪਏ। ਇਕ ਮਹਿਲਾ ਅਧਿਕਾਰ ਵਰਕਰ ਦੀਵਾ ਫਰਹਮੰਦ ਨੇ ਕਿਹਾ ਕਿ ਅਸੀਂ ਸਿਰਫ਼



ਔਰਤਾਂ ਨਹੀਂ, ਸਾਡੀ ਲੜਾਈ ਜਾਰੀ ਰਹੇਗੀ।

ਤਾਲਿਬਾਨ ਨੇ ਕਾਬੁਲ ਵਿੱਚ ਔਰਤਾਂ ਦੇ ਮੁਜ਼ਾਹਰੇ ਨੂੰ ਕਵਰ ਕਰਦੇ ਪੱਤਰਕਾਰਾਂ ਨੂੰ ਅਗਵਾ ਕਰ ਕੇ ਇੱਕ ਕਮਰੇ ਵਿੱਚ ਬੰਦ ਕਰ ਕੇ ਕੁੱਟ-ਕੁੱਟ ਲਹੂ-ਲੁਹਾਨ ਕਰ ਦਿੱਤਾ। ਦੋਵੇਂ ਪੱਤਰਕਾਰ ਅਫ਼ਗਾਨੀ ਹਨ। ਵਿਦੇਸ਼ੀ ਪੱਤਰਕਾਰਅਗਵਾ ਕਰਨ ਪਿੱਛੋਂ ਛੱਡ ਦਿੱਤੇ ਗਏ। ਕਾਬੁਲ ਵਿੱਚਔਰਤਾਂਦਾ ਮੁਜ਼ਾਹਰਾ ਦੇਸ਼-ਵਿਦੇਸ਼ ਦੇਕਈ ਪੱਤਰਕਾਰ ਕਵਰ ਕਰਦੇ ਸਨ। ਇਸ ਦੌਰਾਨ ਔਰਤਾਂ ਉੱਤੇ ਕੋੜੇਅਤੇ ਲਾਠੀਆਂ ਵਰ੍ਹਾਉਣ ਤੋਂ ਪਹਿਲਾਂ ਤਾਲਿਬਾਨ ਨੇ ਕਈ ਪੱਤਰਕਾਰਾਂ ਨੂੰ ਅਗਵਾ ਕਰ ਲਿਆ, ਜਿਨ੍ਹਾਂ ਨੂੰ ਬੇਪਛਾਣ ਥਾਂ ਲਿਜਾਇਆ ਗਿਆ। ਪੱਤਰਕਾਰਾਂ ਦੀ ਮਾਰਕੁਟ ਦੀਆਂ ਤਸਵੀਰਾਂ ਤੇ ਵੀਡੀਓ ਟਵਿਟਰ ਉੱਤੇ ਸ਼ੇਅਰ ਕੀਤੇ ਗਏ, ਜਿਨ੍ਹਾਂ ਵਿੱਚੋਂ ਲਾਸ ਏਂਜਲਸ ਟਾਈਮਜ਼ ਦੇ ਪੱਤਰਕਾਰ ਮਾਰਕਸ ਯਾਮ ਨੇ ਵੱਲੋਂ ਜਾਰੀ ਕੀਤੀ ਫੋਟੋ ਵਿੱਚ ਦੋ ਅਫ਼ਗਾਨ ਪੱਤਰਕਾਰ ਕੱਪੜੇ ਲਾਹ ਕੇ ਆਪਣਾ ਲਹੂ-ਲੁਹਾਨ ਸਰੀਰ ਦਿਖਾ ਰਹੇ ਹਨ।

# ਬ੍ਰਿਕਸ ਸਿਖ਼ਰ ਸੰਮੇਲਨ ਦੌਰਾਨ ਪੰਜ ਦੇਸ਼ਾਂ ਵੱਲੋਂ ਅਫਗਾਨਿਸਤਾਨ ਦੇ ਹਾਲਾਤ ਉੱਤੇ ਗਹਿਰੀ ਚਰਚਾ

ਨਵੀਂ ਦਿੱਲੀ, 9 ਸਤੰਬਰ, (ਪੋਸਟ ਬਿਊਰੋ)- ਦੁਨੀਆ ਦੇ ਪੰਜ ਪ੍ਰਮੁੱਖ ਦੇਸ਼ਾਂ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਦੇ ਸੰਗਠਨ 'ਬ੍ਰਿਕਸ' ਦੇ ਸੰਮੇਲਨ ਵਿੱਚ ਅੱਜ ਅਫ਼ਗਾਨਿਸਤਾਨ ਦੇ ਹਾਲਾਤ ਬਾਰੇ ਚਿੰਤਾ ਪ੍ਰਗਟ ਕੀਤੀ ਗਈ ਅਤੇ ਉਸ ਏਸ਼ੀਅਨ ਦੇਸ਼ ਨੂੰ ਅੱਤਵਾਦ ਦੀ ਪੱਕੀ ਠਾਹਰ ਬਣਨ ਤੋਂ ਰੋਕਣ ਦੀ ਅਪੀਲ ਕੀਤੀ ਗਈ ਹੈ।

ਬ੍ਰਿਕਸ ਦੇਸ਼ਾਂ ਦੇ ਮੁਖੀਆਂ ਦੀ ਅੱਜ ਦੀ ਮੀਟਿੰਗ, ਜਿਸ ਦੀ ਪ੍ਰਧਾਨਗੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤੀ, ਦੇ ਦੌਰਾਨ ਬ੍ਰਿਕਸ ਦੇਸ਼ਾਂ ਦੇ ਮੁਖੀਆਂ ਵਿੱਚੋਂ ਸਿਰਫ਼ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਪਣੇ ਭਾਸ਼ਣ ਵਿਚ ਅਫ਼ਗਾਨਿਸਤਾਨ ਦਾ ਸਿੱਧਾ ਜ਼ਿਕਰ ਕੀਤਾ, ਪਰ ਸਾਰੇ ਦੇਸ਼ਾਂ ਨੇ ਬਾਅਦ ਵਿਚ ਦੱਸਿਆਕਿ ਅੰਦਰੂਨੀ ਚਰਚਾ ਦੌਰਾਨ ਅਫ਼ਗਾਨਿਸਤਾਨ ਵੱਡਾ ਮੁੱਦਾ ਸੀ।ਮੀਟਿੰਗ ਵਿੱਚ ਅੱਤਵਾਦ ਤੇ ਕੋਰੋਨਾ ਮਹਾਮਾਰੀ ਬਾਰੇ ਆਪਸੀ ਸਹਿਯੋਗ ਦੀ ਵੀ ਚਰਚਾ ਹੋਈ। ਬ੍ਰਿਕਸ ਦੇਸ਼ਾਂ ਦੇ ਮੁਖੀਆਂ ਦੀ ਮੀਟਿੰਗ ਪਿੱਛੋਂ ਦੇ ਐਲਾਨਨਾਮੇ ਵਿਚ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਸਰਕਾਰ ਤੋਂ ਸਿੱਧੀ ਆਸ ਕੀਤੀ ਗਈ ਕਿ ਦੂਸਰੇ ਦੇਸ਼ਾਂ ਵਿਚ ਅੱਤਵਾਦੀ ਵਾਰਦਾਤਾਂ ਕਰਨ ਵਾਲੇ ਸੰਗਠਨਾਂ ਨੂੰ ਓਥੇ ਨਹੀਂ ਟਿਕਣ ਦਿੱਤਾ ਜਾਵੇਗਾ। ਇਸੇ ਤਰ੍ਹਾਂ ਰੂਸ, ਚੀਨ ਅਤੇ




ਭਾਰਤ ਨੇ ਖ਼ਾਸ ਤੌਰ ਉੱਤੇ ਆਪਣੀ ਚਿੰਤਾਤੋਂ ਸੰਸਾਰ ਨੂੰ ਜਾਣੂ ਕਰਵਾਇਆ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਦੱਸਿਆ ਕਿ ਬ੍ਰਿਕਸ ਦੇਸ਼ਾਂ ਨੇ ਅੱਤਵਾਦ ਦੇ ਖ਼ਿਲਾਫ਼ ਇਕ ਕਾਰਜ ਯੋਜਨਾ ਮਨਜ਼ੂਰ ਕੀਤੀ ਹੈ। ਇਹਯੋਜਨਾ ਵੀ ਭਾਰਤ ਨੇਪੇਸ਼ ਕੀਤੀ ਸੀ।ਬ੍ਰਿਕਸ ਦੀ ਇਸ 15ਵੀਂ ਸਾਲਾਨਾ ਮੀਟਿੰਗ ਦੇ ਵਕਤ ਭਾਰਤ ਇਸ ਸਾਲਇਸ ਸੰਸਥਾ ਦਾ ਮੁਖੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਲੰਬੇ ਸਮੇਂ ਬਾਅਦ ਇੱਕੋ ਵਰਚੁਅਲ ਮੰਚ ਉੱਤੇ ਆਹਮੋ-ਸਾਹਮਣੇ ਨਜ਼ਰ ਆਏ। ਦੋਵੇਂ ਦੇਸ਼ਾਂ ਵਿਚਾਲੇ ਚੱਲਦੇ ਸਰਹੱਦੀ ਵਿਵਾਦ ਦਾ ਪ੍ਰਛਾਵਾਂ ਨਾ ਇਸ ਮੀਟਿੰਗ ਵਿਚ ਦਿੱਸਿਆ ਤੇ ਨਾ ਇਸ ਸਿਖ਼ਰ ਸੰਮੇਲਨ ਵਿੱਚ ਇਸ ਦੀ ਝਲਕ ਦਿੱਸੀ। ਪ੍ਰਧਾਨ ਮੰਤਰੀ ਮੋਦੀ ਨੇ ਮੀਟਿੰਗ ਸਫ਼ਲ ਕਰਨ ਲਈ ਸਾਰੇ ਦੇਸ਼ਾਂ ਦਾਸਹਿਯੋਗ ਲਈ ਧੰਨਵਾਦ ਕੀਤਾ। ਦੂਸਰੇ ਪਾਸੇ ਚੀਨੀ ਰਾਸ਼ਟਰਪਤੀ ਜਿਨਪਿੰਗ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਬ੍ਰਾਜ਼ੀਲ ਦੇ ਰਾਸ਼ਟਰਪਤੀ ਜੇਅਰ ਬੋਲ-ਸੋਨਾਰੋ ਅਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਾਈਰਲ ਰਾਮਾਫੋਸਾ ਨੇ ਅੱਗੋਂ ਵੀ ਹਰ ਸਹਿਯੋਗ ਦੀ ਗੱਲ ਕਹੀ। ਬ੍ਰਿਕਸ ਦੇਸ਼ਾਂ ਦੇ ਅੱਜ ਦੇ ਐਲਾਨਨਾਮੇ ਵਿੱਚ ਅੱਤਵਾਦ ਦੇ ਖ਼ਿਲਾਫ਼ ਸਾਂਝੀ ਲੜਾਈ ਬਾਰੇ ਕੌਮਾਂਤਰੀ ਪੱਧਰ 'ਤੇ ਹੋਰ ਡੂੰਘੇ ਸਹਿਯੋਗ ਦੀ ਗੱਲ ਕੀਤੀ ਗਈ, ਪਰ ਐਲਾਨਨਾਮੇ ਵਿਚ ਅੱਤਵਾਦੀ ਸੰਗਠਨਾਂ ਦਾ ਨਾਂਅ ਨਹੀਂਲਿਆ ਗਿਆ, ਜਿਨ੍ਹਾਂ ਦੇ ਖ਼ਿਲਾਫ਼ ਇਹ ਦੇਸ਼ ਕਾਰਵਾਈ ਕਰਨ ਦਾ ਮੁੱਦਾ ਚੁੱਕ ਰਹੇ ਸਨ। ਫਿਰ ਵੀ ਬ੍ਰਿਕਸ ਦੇਸ਼ਾਂ ਵਿੱਚ ਅੱਤਵਾਦ ਵਿਰੁੱਧ ਇਕ ਰਣਨੀਤੀ ਬਣਾਉਣ ਉੱਤੇ ਸਹਿਮਤੀ ਬਣੀ ਹੈ, ਜਿਸ ਦੀ ਕਾਰਜ ਯੋਜਨਾ ਮਨਜ਼ੂਰ ਕੀਤੀ ਗਈ ਹੈ। ਮੰਨਿਆ ਜਾਂਦਾ ਹੈ ਕਿ ਭਾਰਤ ਇਸ ਦੇ ਬਾਅਦ ਪਾਕਿਸਤਾਨ ਦੀ ਸ਼ਹਿ ਵਾਲੇ ਅੱਤਵਾਦੀ ਸੰਗਠਨਾਂ ਦੇ ਖ਼ਿਲਾਫ਼ ਚੀਨ ਤੇ ਹੋਰ ਬ੍ਰਿਕਸ ਦੇਸ਼ਾਂ ਤੋਂਵੱਧਸਮਰਥਨ ਹਾਸਲ ਕਰ ਸਕਦਾ ਹੈ।

# ਸਾਬਕਾ ਕਾਂਗਰਸੀ ਵਿਧਾਇਕ ਹਰਮਿੰਦਰ ਜੱਸੀ ਸਣੇ 17 ਲੋਕਾਂ ਨੂੰ ਇਕ ਸਾਲ ਦੀ ਸਜ਼ਾ

ਬਠਿੰਡਾ, 9 ਸਤੰਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਵੇਲੇਲਗਭਗ 7 ਸਾਲ ਪਹਿਲਾਂ ਕਿਸਾਨਾਂ ਦੀ ਫਸਲ ਦਾ ਸਹੀ ਮੁੱਲ ਨਾ ਮਿਲਣ ਅਤੇ ਲਿਫਟਿੰਗ ਨਾ ਹੋਣ ਕਾਰਨਸਾਬਕਾ ਮੰਤਰੀ ਹਰਮਿੰ-ਦਰ ਸਿੰਘ ਜੱਸੀ ਸਣੇ ਸੈਂਕੜੇ ਲੋਕ ਰੇਲ ਪੱਟਰੀਆਂ ਉੱਤੇ ਬੈਠ ਗਏ ਸਨ, ਜਿਸ ਕਾਰਨ ਰੇਲ ਆਵਾਜਾਈ ਪ੍ਰਭਾਵਿਤ ਹੋਈ ਸੀ। ਉਸ ਕੇਸ ਵਿੱਚ ਜੱਸੀ ਅਤੇ ਉਸ ਦੇ ਨਾਲ ਪ੍ਰੋਟੈਸਟ ਕਰਨ ਵਾਲੇ 17 ਜਣਿਆਂ ਨੂੰ ਇੱਕ ਸਾਲ ਕੈਦ ਦੀ ਸਜ਼ਾ ਕੀਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ 3 ਮਈ 2014 ਨੂੰ ਕਿਸਾਨੀ ਮੁੱਦਿਆਂ ਉੱਤੇ ਲਗਭਗ 150 ਕਾਂਗਰਸੀ ਵਰਕਰ ਓਥੇ ਸਾਬਕਾ ਕਾਂਗਰਸੀ ਮੰਤਰੀ ਹਰਮਿੰਦਰ ਸਿੰਘ ਜੱਸੀ ਦੀ ਅਗਵਾਈ ਹੇਠ ਰੇਲਵੇ ਟ੍ਰੈਕ ਉੱਤੇਜਾ ਬੈਠੇ ਸਨ ਤੇ ਇਸ ਕਾਰਨ ਫਿਰੋਜਪੁਰ ਅਤੇ ਅਬੋਹਰ ਪੈਸੰਜਰ ਗੱਡੀਆਂ ਨੂੰ ਕਈ ਘੰਟੇ ਰੁਕਣਾ ਪਿਆ ਸੀ। ਇਸ ਬਾਰੇ 17 ਲੋਕਾਂ ਉੱਤੇ ਮਾਮਲਾ ਦਰਜ ਹੋਇਆ ਸੀ, ਜਿਸ ਦਾ ਫੈਸਲਾ ਅੱਜ ਅਦਾਲਤ ਨੇ ਸੁਣਾਇਆ ਹੈ।ਚੀਫ ਜੁਡੀਸ਼ਲ ਮੈਜਿਸਟਰੇਟ (ਸੀ ਜੇ ਐੱਮ)ਦਲਜੀਤ ਕੌਰ ਦੀ ਅਦਾਲਤ ਨੇ ਅੱਜ ਸਰਕਾਰੀ ਵਕੀਲ ਅਤੇਹਰਮਿੰਦਰ ਸਿੰਘ ਜੱਸੀ ਦੇ ਵਕੀਲ ਜਸਵਿੰਦਰ ਸਿੰਘ ਤੁੰਗਵਾਲੀ ਦੀ ਬਹਿਸ ਤੋਂ ਬਾਅਦ ਫੈਸਲਾ ਦਿੱਤਾ। ਇਸ ਕੇਸ ਵਿਚ ਓਦੋਂ ਦੇ ਦੋ ਕੌਂਸਲਰ ਰਤਨ ਰਾਹੀ ਤੇ ਮਲਕੀਤ ਸਿੰਘ ਅਤੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਰਜਨੀ ਬਾਲਾ, ਮਾਰਕੀਟ ਕਮੇਟੀ ਦੇ ਚੇਅਰਮੈਨ ਮੋਹਨ ਲਾਲ ਝੁੰਬਾ ਸ਼ਾਮਲ ਸਨ। ਅਦਾਲਤ ਨੇ ਅੱਜ ਫੈਸਲੇ ਵਿਚ 1000 ਰੁਪਏ ਅਦਾਲਤ ਨੂੰ ਲਿਟੀਗੇਸ਼ਨ ਫੀਸ ਅਤੇ ਸਾਰੇ 17 ਲੋਕਾਂ ਨੂੰ ਇਕ ਸਾਲ ਦੀ ਕੈਦ ਦੇ ਹੁਕਮ ਦੇ ਬਾਅਦ ਨੇਕ-ਚੱਲਣੀ ਜਮਾਨਤ ਉੱਤੇਛੱਡ ਦਿੱਤਾ ਹੈ।

ਬਹਿਸ ਦੌਰਾਨ ਹਰਮਿੰਦਰ ਸਿੰਘ ਜੱਸੀ ਦੇਵਕੀਲ ਤੁੰਗਵਾਲੀ ਨੇ ਕਿਹਾ ਕਿ ਪੁਲਸ ਕੋਲ ਅਜਿਹਾ ਕੋਈ ਸਬੂਤ ਹੀ ਨਹੀਂ, ਜਿਸ ਤੋਂ ਸਾਬਤ ਹੋਵੇ ਕਿ ਇਨ੍ਹਾਂ ਨੇ ਰੇਲ ਰੋਕੀ ਸੀ ਅਤੇ ਪੁਲਸ ਦੇ 13 ਗਵਾਹਾਂ ਨੇ ਵੀ ਇਹ ਮੰਨਿਆ ਹੈ ਕਿ ਉਨ੍ਹਾਂ ਨੇ ਹਰਮਿੰਦਰ ਸਿੰਘ ਜੱਸੀ ਸਮੇਤ ਇਨ੍ਹਾਂ ਲੋਕਾਂ ਨੂੰ ਰੇਲ ਰੋਕਦੇ ਨਹੀਂ ਦੇਖਿਆ, ਰੇਲਵੇ ਪੁਲਸ ਨੇ ਅਖਬਾਰਾਂ ਵਿਚ ਛਪੀਆਂ ਫੋਟੋ ਵੇਖ ਕੇ ਕੇਸ ਦਰਜ ਕੀਤਾ ਸੀ।ਜੱਸੀ ਨੇ ਇਸ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦੇਣ ਦੀ ਗੱਲ ਕਹੀ ਹੈ।

# ਖੇਤੀ ਕਾਨੂੰਨਾਂ ਵਾਲੇ ਮੁੱਦੇ ਤੋਂ ਨਵਜੋਤ ਸਿੰਘ ਸਿੱਧੂ ਦਾ ਮੋਦੀ ਸਰਕਾਰ ਉੱਤੇ ਤਿੱਖਾ ਹਮਲਾ

* ਐੱਨ ਡੀ ਏ ਗੱਠਜੋੜ ਦਾ ਮਤਲਬ ਹੈ 'ਨੋ ਡਾਟਾ ਐਵੇਲੇਬਲ'

ਚੰਡੀਗੜ੍ਹ, 9 ਸਤੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਇੱਕ ਟਵੀਟ ਰਾਹੀਂ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਉੱਤੇ ਵੱਡਾ ਹਮਲਾ ਕੀਤਾ ਅਤੇਲਿਖਿਆ ਹੈ ਕਿ'ਐੱਨ ਡੀ ਏ ਦਾ ਮਤਲਬ ਨੋ ਡਾਟਾ ਅਵੇਲੇਬਲ'। ਉਨ੍ਹਾਂ ਕਿਹਾ ਕਿ ਐੱਨ ਡੀ ਏ ਦਾ ਮਤਲਬ ਹੈ ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਬਾਰੇ ਕੋਈ ਡਾਟਾ ਹੀ ਮੌਜੂਦ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇ ਤੁਹਾਡੇ ਕੋਲ ਕਿਸਾਨਾਂ ਦੀ ਆਮਦਨ ਬਾਰੇ ਡਾਟਾ ਹੀ ਨਹੀਂਤਾਂ ਤੁਸੀਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਜੁਮਲਾ ਛੱਡ ਕੇ ਇਹ ਖੇਤੀ ਕਾਨੂੰਨ ਕਿਵੇਂ ਬਣਾਏ ਹਨ? ਤੁਸੀਂ ਅੰਬਾਨੀ ਅਤੇ ਅਡਾਨੀ ਵਰਗੇ ਕਾਰ-ਪੋਰੇਟ ਦੋਸਤਾਂ ਬਾਰੇ ਸਭ ਕੁਝ ਜਾਣਦੇ ਹੋ, ਜਿਨ੍ਹਾਂ ਦੇ ਹਵਾਈ ਜਹਾਜ਼ਾਂ ਵਿੱਚ ਤੁਸੀਂ ਘੁੰਮਦੇ ਹੋ, ਜਿਹੜੇ ਤੁਹਾਡੀ ਕੰਪੇਨ ਚਲਾਉਂਦੇ ਹਨ, ਉਨ੍ਹਾਂ ਦਾ ਹਰ ਡਾਟਾ ਤੁਹਾਨੂੰ ਪਤਾ ਹੈ, ਪਰ ਕਿਸਾਨਾਂ ਦਾ ਡਾਟਾ ਪਤਾ ਹੀ ਨਹੀਂ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨ ਅੰਬਾਨੀ-ਅਡਾਨੀ ਨੂੰ ਲਾਭ ਪੁਚਾਉਣ ਲਈ



ਬਣਾਏ ਹਨਤੇ ਇਸ ਦੌਰਾਨ 90 ਫੀਸਦੀ ਆਬਾਦੀ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਜਿਸ ਵਿੱਚ ਕਿਸਾਨ, ਮਜ਼ਦੂਰ ਅਤੇ ਛੋਟੇ ਵਪਾਰੀ ਆਉਂਦੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰਕਹਿੰਦੀ ਹੈ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰਨਾ ਚਾਹੁੰਦੀ ਹੈ, ਪਰ ਖੇਤੀ ਮੰਤਰੀ ਨਰਿੰਦਰ ਤੋਮਰ ਦੇ ਅਨੁਸਾਰ ਉਨ੍ਹਾਂ ਦੇ ਮੰਤਰ-ਾਲੇ ਕੋਲ ਵਿੱਤੀ ਸਥਿਤੀ ਬਾਰੇ ਕੋਈ ਡਾਟਾ ਹੀ ਨਹੀਂ ਹੈ। ਇਹ ਉਨ੍ਹਾਂ ਨੇ ਪਾਰਲੀਮੈਂਟ ਵਿੱਚਕਿਹਾ ਸੀ ਕਿ ਏਦਾਂ ਦਾ ਆਖਰੀ ਸਰਵੇਖਣ ਮਨਮੋਹਨ ਸਿੰਘ ਸਰਕਾਰਨੇ ਕਰਵਾਇਆ ਸੀ। ਉਨ੍ਹਾਂ ਕਿਹਾ ਕਿ ਬਾਕੀ ਸੈਕਟਰਾਂ ਦਾ ਪਹਿਲਾਂ ਮਾੜਾ ਹਾਲ ਹੈ, ਮੋਦੀ ਸਰਕਾਰ ਦੀ ਨਿਗ੍ਹਾ ਖੇਤੀ ਖੇਤਰ ਉੱਤੇ ਹੈ, ਜੋ ਸਭ ਤੋਂ ਲਾਹੇਵੰਦ ਧੰਦਾ ਹੈ। ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨਾਂ ਦਾ 0.1 ਫੀਸਦੀ ਲੋਕਾਂ ਨੂੰ ਲਾਭ ਹੋਵੇਗਾ ਤੇ 70 ਫੀਸਦੀ ਭਾਰਤੀਆਂ ਨੂੰ ਲੁੱਟਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਸਹੀ ਮੁੱਲ ਨਹੀਂ ਮਿਲਦਾ, ਉਹ ਕਰਜ਼ੇ ਹੇਠ ਦੱਬੇ ਪਏ ਹਨ ਤੇ ਰੋਜ਼ ਪਤਾ ਨਹੀਂ ਕਿੰਨੇ ਕਿਸਾਨ ਖ਼ੁਦਕੁਸ਼ੀਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਕੋਲ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾਵੀ ਕੋਈ ਡਾਟਾ ਨਹੀਂ। ਉਨ੍ਹਾਂ ਕਿਹਾ ਕਿ ਕੋਰੋਨਾ ਮਹਾਮਾਰੀ ਦੌਰਾਨ ਕਿੰਨੇ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ, ਇਸ ਬਾਰੇ ਵੀ ਮੋਦੀ ਸਰਕਾਰ ਕੋਲ ਕੋਈ ਡਾਟਾ ਨਹੀਂ ਹੈ।








# ਸੰਪਾਦਕੀ

## ਕੰਜ਼ਰਵੇਟਿਵਾਂ ਦੀ ਸੌਂਕਣ – ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਰੋਲ ਦੀ ਪੜਚੋਲ?

ਸਤੰਬਰ 2018 ਵਿੱਚ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਤੋਂ ਅਸਤੀਫਾ ਦੇਣ ਤੋਂ ਤੁਰੰਤ ਬਾਅਦ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਲੀਡਰ ਅਤੇ ਸਾਬਕਾ ਕੰਜ਼ਰਵੇਟਿਵ ਮੰਤਰੀ ਮੈਕਸਿਮ ਬਰਨੀਏ ਦਾ ਬਿਆਨ ਸੀ, ‘ਮੈਂ ਇਹ ਮਹਿਸੂਸ ਕਰ ਲਿਆ ਹੈ ਕਿ ...ਇਸ ਪਾਰਟੀ (ਭਾਵ ਕੰਜ਼ਰਵੇਟਿਵ) ਦਾ ਬੌਧਿਕ ਅਤੇ ਇਖਲਾਕੀ ਰੂਪ ਵਿੱਚ ਦਿਵਾਲਾ ਨਿਕਲ ਚੁੱਕਾ ਹੈ ਅਤੇ ਹੁਣ ਇਸਨੂੰ ਸੁਧਾਰਿਆ ਨਹੀਂ ਜਾ ਸਕਦਾ’। ਬਰਨੀਏ ਦਾ ਇਹ ਵੀ ਦੋਸ਼ ਸੀ ਕਿ ਤਤਕਾਲੀ ਕੰਜ਼ਰਵੇਟਿਵ ਪਾਰਟੀ ਆਗੂ ਐਂਡਰੀਊ ਸ਼ੀਅਰ ਨੇ ਕੰਜ਼ਰਵੇਟਿਵ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ ਅਤੇ ਬਰਨੀਏ ਲੋਕਾਂ ਨੂੰ ਖੁਸ਼ ਕਰਨ ਅਤੇ ਵੋਟਾਂ ਖਾਤਰ ਲੇਲੜੀਆਂ ਕੱਢਣ ਵਾਲੀ ਸਿਆਸਤ ਦਾ ਪੱਲਾ ਛੱਡ ਕੇ ਸਿੱਧੀ ਅਤੇ ਸਪੱਸ਼ਟ ਰਾਜਨੀਤੀ ਦਾ ਰਾਹ ਅਪਨਾਏਗਾ।

ਜੇ ਕਦੇ ਇਤਮੀਨਾਨ ਵਿੱਚ ਨਿਊ ਡੈਮੋਕਰੈਟਿਕ ਪਾਰਟੀ (ਐਨ ਡੀ ਪੀ) ਵਾਲਿਆਂ ਨੂੰ ਪੁੱਛਿਆ ਜਾਵੇ ਤਾਂ ਉਹਨਾਂ ਦਾ ਲਿਬਰਲਾਂ ਬਾਰੇ ਖਿਆਲ ਹੁੰਦਾ ਹੈ ਕਿ ਇਹ ਲਿਬਰਲ ਖਿਆਲਾਂ ਤੋਂ ਤਲਾਕ ਲੈ ਚੁੱਕੇ ਹਨ ਅਤੇ ਇਸ ਖੱਪੇ ਨੂੰ ਪੂਰਾ ਕਰਨ ਦੀ ਪੂਰੀ ਜੁੰਮੇਵਾਰੀ ਸਾਡੇ ਉੱਤੇ ਆਪ ਪਈ ਹੈ। ਕੋਈ ਸ਼ੱਕ ਨਹੀਂ ਕਿ ‘ਐਨ ਡੀ ਪੀ’ ਨੂੰ ਲਿਬਰਲ ਦੀ B ਟੀਮ ਕਿਹਾ ਜਾਂਦਾ ਹੈ।

20 ਸਤੰਬਰ ਨੂੰ ਹੋਣ ਜਾ ਰਹੀਆਂ ਚੋਣਾਂ ਵਿੱਚ ਜੋ ਰੋਲ ਪੀਪਲਜ਼ ਪਾਰਟੀ ਆਫ ਕੈਨੇਡਾ ਰੋਲ ਅਦਾ ਕਰੇਗੀ, ਉਸਨੂੰ ਕੰਜ਼ਰਵੇਟਿਵਾਂ ਦੀ B ਟੀਮ ਨਹੀਂ ਕਿਹਾ ਜਾ ਸਕਦਾ ਕਿਉਂਕਿ ਮੈਕਸਿਮ ਬਰਨੀਏ ਦੀ ਪਾਰਟੀ ਕੰਜ਼ਰਵੇਟਿਵ ਲਈ ਵਿਰੋਧੀ ਟੀਮ ਸਾਬਤ ਹੋਵੇਗੀ। ਕੈਨੇਡਾ ਦੇ ਕਈ ਹਿੱਸਿਆਂ ਖਾਸ ਕਰਕੇ ਉਂਟੇਰੀਓ ਅਤੇ ਬੀ.ਸੀ. ਦੇ ਦਿਹਾਤੀ ਇਲਾਕਿਆਂ ਵਿੱਚ ਇਸਦੀ ਹਰਮਨ-ਪਿਆਰਤਾ 9 ਤੋਂ 10% ਤੱਕ ਹੈ। CBC ਦੇ ਫੋਲਲ Tracker ਅਨੁਸਾਰ ਕੌਮੀ ਪੱਧਰ ਉੱਤੇ ਇਸਨੂੰ 5.3% ਵੋਟਾਂ ਮਿਲਣ ਦੀ ਸੰਭਾਵਨਾ ਹੈ। ਪੀਪਲਜ਼ ਪਾਰਟੀ ਵੱਲੋਂ ਸੋਸ਼ਲ ਕੰਜ਼ਰਵੇਟਿਵ ਕਦਰਾਂ ਕੀਮਤਾਂ ਜੋ ਕੱਟੜਪੰਥੀ ਸੱਜੇ ਪੱਖੀ ਸੁਰ ਵਾਲੀਆਂ ਹੁੰਦੀਆਂ ਹਨ, ਨੂੰ ਅਪਣ-ਾਇਆ ਹੀ ਨਹੀਂ ਜਾਂਦਾ ਸਗੋਂ ਉਹਨਾਂ ਸਹਾਰੇ ਹੀ ਆਪਣੇ ਸਮਰੱਥਕਾਂ ਨੂੰ ਨਾਲ ਜੋੜ ਕੇ ਰੱਖਿਆ ਜਾਂਦਾ ਹੈ। ਪ੍ਰੋਗੈਰਸਿਵ ਕੰਜ਼ਰਵੇਟਿਵਾਂ ਦੀ ਦੁਬਿਧਾ ਇਹ ਰਹਿੰਦੀ ਹੈ ਕਿ ਉਹ ਚੋਣਾਂ ਤੋਂ ਪਹਿਲਾਂ ਸੋਸ਼ਲ ਕੰਜ਼ਰਵੇਟਿਵਾਂ ਨੂੰ ਨਾਲ ਲੈ ਕੇ ਚੱਲਣ ਦਾ ਪ੍ਰਭਾਵ ਦੇਂਦੇ ਹਨ ਪਰ ਚੋਣਾਂ ਵੇਲੇ ਖੁਦ ਨੂੰ ‘ਬਿਗ ਟੈਂਟ ਪਾਰਟੀ’ ਬਣਾਉਣ ਲਈ ਸੋਸ਼ਲ ਕੰਜ਼ਰਵੇਟਿਵਾਂ ਤੋਂ ਦੂਰੀ ਬਣਾ ਲਈ ਜਾਂਦੀ ਹੈ। ਮਿਸਾਲ ਵਜੋਂ ਐਰਿਨ ਓ ਟੂਲ ਨੇ ਗਰਭਪਾਤ, ਇੰਮੀਗਰੇਸ਼ਨ, ਮਲਟੀਕਲਚਰਰਿਜ਼, ਵਾਤਾਵਰਤਣ, ਐਲ ਜੀ ਬੀ ਟੀ ਕਿਊ ਆਦਿ ਮੁੱਦਿਆਂ ਉੱਤੇ ਉਹ ਪਹੁੰਚ ਨਹੀਂ ਅਪਣਾ ਸਕਦੇ ਸਨ ਜਿਹੜੀ ਉਹਨਾਂ ਦੇ ਸੋਸ਼ਲ ਕੰਜ਼ਰਵੇਟਿਵ ਭਾਈ ਬੰਧੂ ਚਾਹੁੰਦੇ ਹਨ।

‘ਐਨ ਡੀ ਪੀ’ ਬਾਰੇ ਇਹ ਗੱਲ ਸਪੱਸ਼ਟ ਹੈ ਕਿ ਉਸਦੇ ਆਗੂ ਵਾਤਾਵਰਣ, ਲੇਬਲ ਮੁਹਿੰਮ, ਇਕਾਨਮੀ ਆਦਿ ਉੱਤੇ ਐਸੇ ਧੜਲੇਦਾਰ ਬਿਆਨ ਦੇਣ ਦੀ ਖੁੱਲ ਰੱਖਦੇ ਹਨ ਜੋ ਆਮ ਹਾਲਾਤਾਂ ਵਿੱਚ ਲਿਬਰਲ ਆਗੂ ਸੋਚ ਵੀ ਨਹੀਂ ਸਕਦੇ। ਪਰ ਜਦੋਂ ਵੋਟਾਂ ਦੇ ਦਿਨ ਨੇੜੇ ਆਉਂਦੇ ਹਨ ਤਾਂ ਲਿਬਰਲ ਪਾਰਟੀ ਵੱਲੋਂ ਜਾਣਬੁੱਝ ਕੇ ਐਨ ਡੀ ਪੀ ਦੀ ਬਰਾ-ਬਰਤਾ ਕਰਨ ਵਾਲੇ ਵਾਅਦੇ ਕਰ ਦਿੱਤੇ ਜਾਂਦੇ ਹਨ ਜਿਹਨਾਂ ਦਾ ਆਰਥਕ ਤਰਕ ਵਜੋਂ ਕੋਈ ਸਿਰ ਪੈਰ ਵੀ ਨਹੀਂ ਹੁੰਦਾ। ਹੁੰਦਾ ਇਹ ਹੈ ਕਿ ਬਹੁਤ ਸਾਰੇ ਉਹ ਵੋਟਰ ‘ਐਨ ਡੀ ਪੀ’ ਅਤੇ ਲਿਬਰਲ ਵਿੱਚੋਂ ਕਿਸੇ ਇੱਕ ਨੂੰ ਚੁਣਨ ਦੀ ਦੁੱਚਿਤੀ ਵਿੱਚ ਹੁੰਦੇ ਹਨ, ਉਹ ਕਿਸੇ ਹੱਦ ਤੱਕ ਲਿਬਰਲ ਪਾਰਟੀ ਦੇ ਹੱਕ ਵਿੱਚ ਭੁਗਤ ਜਾਂਦੇ ਹਨ। ਬਹੁਮਤ ਮਿਲਣ ਦੀ ਸੂਰਤ ਵਿੱਚ ‘ਐਨ ਡੀ ਪੀ’ ਤੋਂ ਡਰ ਕੇ ਕੀਤੇ ਵਾਅਦਿਆਂ ਪ੍ਰਤੀ ਲਿਬਰਲ ‘ਹਮ ਆਪ ਕੇ ਹੈਂ ਕੌਣ’ ਵਾਲੀ ਪਹੁੰਚ ਅਪਣਾ ਲੈਂਦੇ ਹਨ। ਜੇ ਘੱਟ ਗਿਣਤੀ ਸਰਕਾਰ ਬਣੇ ਤਾਂ ਲੋੜ ਮੁਤਾਬਕ ‘ਐਨ ਡੀ ਪੀ’ ਵੱਲੋਂ ਬਾਂਹ ਮਰੋੜਨ ਉੱਤੇ ਰਾਜ਼ੀ ਹੋ ਜਾਂਦੇ ਹਨ। ਮਿਸਾਲ ਵਜੋਂ ਪਿਛਲੇ ਸਾਲ Canadian Emergency Benefit Program (CEBP) ਪਾਸ ਕਰਵਾਉਣ ਬਦਲੇ ਐਨ ਡੀ ਪੀ ਨੇ ਸਰਕਾਰ ਨੂੰ ਸਿੱਕ ਲੀਵ ਦੇ ਦਾਇਰੇ ਨੂੰ ਮੋਕਲਾ ਲਈ ਮਜ਼ਬੂਰ ਕੀਤਾ ਸੀ।

ਦੂਜੇ ਪਾਸੇ ਪ੍ਰੋਗਰੈਸਿਵ ਕੰਜ਼ਰਵੇਟਿਵਾਂ ਲਈ ਇਹ ਸੋਚਣਾ ਵੀ ਮੁਸ਼ਕਲ ਹੈ ਕਿ ਉਹ ਸੋਸ਼ਲ ਕੰਜ਼ਰਵੇਟਿਵਾਂ (ਪੀਪਲਜ਼ ਪਾਰਟੀ ਆਫ ਕੈਨੇਡਾ) ਨਾਲ ਕਿਸੇ ਮੁੱਦੇ ਉੱਤੇ ਸਹਿਮਤ ਹੋ ਸਕਦੇ ਹਨ। ਵੈਸੇ ਵੀ ਪੀਪਲਜ਼ ਪਾਰਟੀ ਨੂੰ ਆਪਣੇ ਬਲਬੂਤੇ ਪਾਰਲੀਮੈਂਟ ਵਿੱਚ ਕੋਈ ਸੀਟ ਮਿਲਣ ਦੀ ਸੰਭਾਵਨਾ ਨਹੀਂ ਹੈ। ਸਿੱਟਾ ਇਹ ਕਿ ਪੀਪਲਜ਼ ਪਾਰਟੀ ਦਾ ਇੱਕੋ ਇੱਕ ਰੋਲ ਪ੍ਰੋਗੈਰਵਿਸ ਕੰਜ਼ਰਵੇਟਿਵਾਂ ਦੇ ਸਿਆਸੀ ਹਿੱਤਾਂ ਨੂੰ ਨੁਕਸਾਨ ਕਰਨਾ ਹੋ ਨਿੱਬੜਦਾ ਹੈ। ਕੰਜ਼ਰਵੇਟਿਵ ਲੀਡਰ ‘ਐਰਿਨ ਓ ਟੂਲ’ ਲਈ ਵੱਡੀ ਚੁਣੌਤੀ ਹੈ ਕਿ ਦਿਹਾਤੀ ਇਲਾਕਿਆਂ ਵਿੱਚ ਵੱਸਦੇ ਸੱਜੇ ਪੱਖੀ - ਧਾਰਮਿਕਤਾ ਨਾਲ ਜੁੜੇ ਰਿਵਾਇਤੀ ਸੋਸ਼ਲ ਕੰਜ਼ਰਵੇਟਿਵ ਵੋਟਰਾਂ ਵਿੱਚ ਆਪਣਾ ਆਧਾਰ ਕਾਇਮ ਰੱਖਦੇ ਹੋਏ ਸ਼ਹਿਰੀ ਇਲਾਕਿਆਂ ਵਿੱਚ ਬਦਲ ਚੁੱਕੀ ਲੋਕਤਾਂਤਰਿਕ ਸੱਚਾਈ ਦਾ ਸਾਹਮਣਾ ਕਿਵੇਂ ਕਰੇ? ਭਾਵ ਸ਼ਹਿਰੀ ਇਲਾਕਿਆਂ ਵਿੱਚ ਪਾਏ ਜਾਂਦੇ ਵੰਨ ਸੁਵੰਨੇ (ਮਲਟੀਕਲਚਰਲ) ਵੋਟ ਬੈਂਕ ਵਿੱਚ ਪੈਂਠ ਕਿਵੇਂ ਬਣਾਈ ਜਾਵੇ ਅਤੇ ਦਿਹਾਤੀ ਇਲਾਕਿਆਂ ਵਿੱਚ ਸੋਸ਼ਲ ਕੰਜ਼ਰਵੇਟਿਵ ਸੋਚ ਦਾ ਸਾਹਮਣਾ ਕਿਵੇਂ ਕੀਤਾ ਜਾਵੇ। ਐਰਿਨ ਓ ਟੂਲ ਵਾਸਤੇ ਇਹ ਦੋ ਹੱਥਾਂ ਵਿੱਚ ਲੱਡੂ ਰੱਖਣ ਬਰਾਬਰ ਕੰਮ ਹੈ ਜਦੋਂ ਕਿ ਮੈਕਸਿਮ ਬਰਨੀਏ ਦਾ ਉਦੇਸ਼ ਲੱਡੂ ਖਾਣਾ ਨਹੀਂ ਸਗੋਂ ਐਰਿਨ ਓ ਟੂਲ ਦੇ ਹੱਥ ਆਏ ਲੱਡੂਆਂ ਨੂੰ ਭੁੰਜੇ ਸੁੱਟਣਾ ਹੈ।

## ਕੈਨੇਡੀਅਨਜ਼ ਸਮੇਤ 200 ਲੋਕ ਕਮਰਸ਼ੀਅਲ ਫਲਾਈਟਸ ਰਾਹੀਂ ਅਫਗਾਨਿਸਤਾਨ ਤੋਂ ਹੋਏ ਰਵਾਨਾ

...ਪੰਨਾ 1 ਦਾ ਬਾਕੀ

ਅਮਰੀਕਾ ਤੇ ਅਫਗਾਨਿਸਤਾਨ ਦੇ ਨਵੇਂ ਤਾਲਿਬਾਨ ਸ਼ਾਸਕਾਂ ਦਰਮਿਆਨ ਆਪਸੀ ਤਾਲਮੇਲ ਦੇ ਚੱਲਦਿਆਂ ਕਤਰ ਏਅਰਵੇਅਜ਼ ਦੀ ਦੋਹਾ ਜਾਣ ਵਾਲੀ ਫਲਾਈਟ ਵਿੱਚ ਇਨ੍ਹਾਂ ਲੋਕਾਂ ਨੂੰ ਇੱਥੋਂ ਲਿਜਾਇਆ ਗਿਆ। ਚਾਰਟਰ ਪਲੇਨਜ਼ ਸਬੰਧੀ ਲੰਮੇਂ ਸਮੇਂ ਤੋਂ ਚੱਲ ਰਹੀ ਖੜੋਤ ਕਾਰਨ ਦੂਜੇ ਏਅਰਪੋਰਟ ਉੱਤੇ ਦਰਜਨਾਂ ਯਾਤਰੀ ਫਸੇ ਹੋਏ ਸਨ। ਇੱਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਕਤਰ ਦੀ ਇਸ ਫਲਾਈਟ ਉੱਤੇ ਕਿੰਨੇ ਲੋਕ ਸਵਾਰ ਹੋਕੇ ਗਏ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਤਾਲਿਬਾਨ ਦੇ ਦੋ ਸੀਨੀਅਰ ਅਧਿਕਾਰੀਆਂ, ਨਵੇਂ ਵਿਦੇਸ਼ ਮੰਤਰੀ ਤੇ ਡਿਪਟੀ ਪ੍ਰਧਾਨ ਮੰਤਰੀ, ਨੇ ਇਸ ਵਿੱਚ ਮਦਦ ਕੀਤੀ।

ਇਸ ਫਲਾਈਟ ਵਿੱਚ ਅਮੈਰੀਕਨਜ਼, ਅਮਰੀਕਾ ਦੇ ਗ੍ਰੀਨ ਕਾਰਡ ਹੋਲਡਰਜ਼, ਜਰਮਨਜ਼, ਹੰਗੇਰੀਅਨਜ਼ ਤੇ ਕੈਨੇਡੀਅਨਜ਼ ਇੱਥੋਂ ਜਾਣ ਵਾਲਿਆਂ ਵਿੱਚ ਸ਼ਾਮਲ ਸਨ। ਇੱਕ ਹੋਰ ਅਧਿਕਾਰੀ ਮੁਤਲਕ ਬਿਨ ਮਾਜੇਦ ਅਲ ਕਾਹਟਨੀ ਨੇ ਆਖਿਆ ਕਿ 200 ਯਾਤਰੀਆਂ ਨੂੰ ਲੈ ਕੇ ਇੱਕ ਹੋਰ ਜਹਾਜ਼ ਸ਼ੁੱਕਰਵਾਰ ਨੂੰ ਅਫਗਾਨਿਸਤਾਨ ਤੋਂ ਰਵਾਨਾ ਹੋਵੇਗਾ। ਇੱਕ ਹੋਰ ਅਧਿਕਾਰੀ ਨੇ ਦੱਸਿਆ ਕਿ ਕੁੱਝ ਅਮੈਰੀਕਨਜ਼ ਸਮੇਤ ਹੋਰ ਵਿਦੇਸ਼ੀ ਆਉਣ ਵਾਲੇ ਦਿਨਾਂ ਵਿੱਚੋਂ ਇੱਥੋਂ ਜਾਣਗੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸਿੱਖ ਲੜਕੇ ਦੀ ਮੌਤ ਤੋਂ ਨੋਵਾ ਸਕੋਸ਼ੀਆ ਦੀ ਸਿੱਖ ਕਮਿਊਨਿਟੀ ਵਿਚ ਰੋਹ

...ਪੰਨਾ 1 ਦਾ ਬਾਕੀ

ਟਰੂਰੋ ਦੇ ਪੁਲਿਸ ਚੀਫ ਡੇਵਿਡ ਮੈਕਨੀਲ ਨੇ ਵੀ ਕਟੜੀ ਨੂੰ ਮਿਹਨਤਕਸ਼ ਤੇ ਨਿਮਰ ਸੁਭਾਅ ਵਾਲਾ ਦੱਸਿਆ। ਉਨ੍ਹਾਂ ਆਖਿਆ ਕਿ ਜਾਂਚ ਵਿੱਚ ਇਹ ਕਤਲ ਦਾ ਮਾਮਲਾ ਲੱਗ ਰਿਹਾ ਹੈ ਤੇ ਅਸੀਂ ਇਸ ਦੀ ਤਹਿ ਤੱਕ ਜਾ ਕੇ ਸਿੰਘ ਪਰਿਵਾਰ ਨੂੰ ਇਨਸਾਫ ਦਿਵਾ ਕੇ ਰਹਾਂਗੇ।

ਇਸ ਮਾਮਲੇ ਵਿੱਚ ਪੁਲਿਸ ਵੱਲੋਂ ਇੱਕ ਮਸ਼ਕੂਕ ਨੂੰ ਨਜ਼ਰਬੰਦ ਕੀਤਾ ਗਿਆ ਸੀ ਪਰ ਬਾਅਦ ਵਿੱਚ ਕੋਈ ਚਾਰਜ ਲਾਏ ਬਿਨਾਂ ਉਸ ਨੂੰ ਜਾਣ ਦਿੱਤਾ ਗਿਆ। ਓਟਵਾ ਸਥਿਤ ਹਾਈ ਕਮਿਸ਼ਨ ਆਫ ਇੰਡੀਆ ਵੱਲੋਂ ਜਾਰੀ ਇੱਕ ਰਲੀਜ਼ ਵਿੱਚ ਆਖਿਆ ਗਿਆ ਕਿ ਉਹ ਇਸ ਕਤਲ ਤੋਂ ਸਦਮੇ ਵਿੱਚ ਹੈ। ਉਨ੍ਹਾਂ ਕੈਨੇਡੀਅਨ ਸਰਕਾਰ ਤੋਂ ਮੰਗ ਕੀਤੀ ਕਿ ਉਹ ਭਾਰਤੀ ਨਾਗਰਿਕਾਂ, ਖਾਸ ਤੌਰ ਉੱਤੇ ਵਿਦਿਆਰਥੀਆਂ ਦੀ ਇਸ ਤਰ੍ਹਾਂ ਦੇ ਨਸਲੀ ਹਮਲਿਆਂ ਤੋਂ ਰੱਖਿਆ ਲਈ ਕਦਮ ਚੁੱਕੇ।

ਕੈਨੇਡੀਅਨ ਸਿਆਸਤਦਾਨ ਤੇ ਓਨਟਾਰੀਓ ਵਿੱਚ ਬ੍ਰੈਂਡਨ ਸਾਊਥ ਤੋਂ ਐਮਪੀ ਸੋਨੀਆ ਸਿੱਧੂ ਨੇ ਇਸ ਨੂੰ ਅਸਵੀਕਾਰਨਯੋਗ ਕਾਰਾ ਕਰਾਰ ਦਿੱਤਾ ਹੈ। ਇਸ ਦੌਰਾਨ ਮੈਕਨੀਲ ਨੇ ਆਖਿਆ ਕਿ ਅਸੀਂ ਦੁੱਖ ਦੀ ਘੜੀ ਵਿੱਚ ਕਮਿਊਨਿਟੀ ਦੇ ਨਾਲ ਹਾਂ ਤੇ ਅਜੇ ਕਤਲ ਪਿਛਲੇ ਮੰਤਵ ਬਾਰੇ ਕੁੱਝ ਨਹੀਂ ਆਖਿਆ ਜਾ ਸਕਦਾ ਕਿਉਂਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਐਮੀ ਵਿਰਕ ਨੇ ਗੀਤ ਵਿੱਚ ਰਸੂਲ ਸ਼ਬਦ ਵਰਤਣ ਦੀ ਮੁਆਫੀ ਮੰਗੀ



ਲੁਧਿਆਣਾ, 9 ਸਤੰਬਰ (ਪੋਸਟ ਬਿਊਰੋ)- ਫਿਲਮ ‘ਸੁਫਨਾ' ਦੇ ਗੀਤ ‘ਕਬੂਲ ਹੈ’ ਵਿੱਚ ‘ਰਸੂਲ' ਸ਼ਬਦ ਦੀ ਵਰਤੋਂ ਦੇ ਬਾਅਦ ਬੀਤੇ ਦਿਨੀਂ ਗਾਇਕ ਐਮੀ ਵਿਰਕ, ਗੀਤਕਾਰ ਜਾਨੀ ਅਤੇ ਪਿੰਕੀ ਧਾਲੀਵਾਲ ਨੇ ਕੱਲ੍ਹ ਨਾਇਬ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੂੰ ਮਿਲਕੇ ਇਸ ਗਲਤੀ ਲਈ ਮੁਆਫੀ ਮੰਗੀ ਹੈ।

ਐਮੀ ਵਿਰਕ ਉਦੋਂ ਵਿਵਾਦਾਂ ਵਿੱਚ ਘਿਰ ਗਿਆ ਸੀ, ਜਦੋਂ ਜਸਨੂਰ ਦੀ ਲੜਕੀ ਨੇ ਇਹ ਮਾਮਲਾ ਨਾਇਬ ਸ਼ਾਹੀ ਇਮਾਮ ਦੇ ਧਿਆਨ ਵਿੱਚ ਲਿਆ ਕੇ ਐਮੀ ਵਿਰਕ ਦੇ ਖਿਲਾਫ ਮੁਸਲਿਮ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕਰਨ ਦੀ ਮੰਗ ਕੀਤੀ ਸੀ। ਇਸ ਮੌਕੇ ਐਮੀ ਵਿਰਕ, ਜਾਨੀ ਅਤੇ ਪਿੰਕੀ ਧਾਲੀਵਾਲ ਨੇ ਨਾਇਕ ਸ਼ਾਹੀ ਇਮਾਮ ਨਾਲ ਮੁਲਾਕਾਤ ਕਰ ਕੇ ਸਪੱਸ਼ਟ ਕੀਤਾ ਕਿ ‘ਸੁਫਨਾ' ਫਿਲਮ ਦੇ ਗੀਤ ‘ਕਬੂਲ' ਵਿੱਚ ‘ਰਸੂਲ' ਸ਼ਬਦ ਦੀ ਵਰਤੋਂ ਅਣਜਾਣੇ ਵਿੱਚ ਹੋਈ ਹੈ। ਉਨ੍ਹਾਂ ਦੀ ਇਸ ਬਾਰੇ ਕੋਈ ਗਲਤ ਮਨਸ਼ਾ ਨਹੀਂ ਸੀ। ਜਾਨੀ ਨੇ ਕਿਹਾ ਕਿ ਉਨ੍ਹਾਂ ਲਈ ਸਾਰੇ ਧਰਮ ਸਤਿਕਾਰਯੋਗ ਹਨ। ਨਾਇਬ ਸ਼ਾਹੀ ਇਮਾਮ ਨੇ ਕਿਹਾ ਕਿ ਫਿਲਮ ਦੀ ਟੀਮ ਦਾ ਆਪਣੀ ਗਲਤੀ ਮੰਨ ਲੈਣਾ ਸਹੀ ਕਦਮ ਹੈ। ਸਮਾਜਿਕ ਤੌਰ ਉੱਤੇ ਇਨ੍ਹਾਂ ਦੋਵਾਂ ਨੇ ਆਪਣੀ ਗਲਤੀ ਮੰਨਦੇ ਹੋਏ ਭਵਿੱਖ ਵਿੱਚ ਇਨ੍ਹਾਂ ਗੱਲਾਂ ਦਾ ਖਾਸ ਧਿਆਨ ਰੱਖਣ ਦਾ ਵਾਅਦਾ ਕੀਤਾ ਹੈ। ਇਸ ਲਈ ਇਹ ਮਾਮਲਾ ਖਤਮ ਸਮਝਿਆ ਜਾਵੇ।

## ਆਮਦਨ ਟੈਕਸ ਕੇਸ ਵਿੱਚ ਕੈਪਟਨ ਤੇ ਰਣਇੰਦਰ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ

ਚੰਡੀਗੜ੍ਹ, 9 ਸਤੰਬਰ (ਪੋਸਟ ਬਿਊਰੋ)- ਆਮਦਨ ਟੈਕਸ ਕੇਸ ਵਿੱਚ ਫਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘਅਤੇ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ।



ਜਸਟਿਸ ਜੀ ਐਸ ਸੰਧਾਵਾਲੀਆਂ ਨੇ ਇਸ ਕੇਸ ਵਿੱਚ ਆਮਦਨ ਟੈਕਸ ਵਿਭਾਗ ਦਾ ਕੇਸ ਰਿਕਾਰਡ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਜਾਂਚਣ ਦੀ ਮਨਜ਼ੂਰੀ ਦੇਣ ਵਾਲੇ ਲੁਧਿਆਣਾ ਅਦਾਲਤ ਦੇ ਆਦੇਸ਼ਾਂ ਉੱਤੇ ਰੋਕ ਲਾ ਦਿੱਤੀ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘਅਤੇ ਉਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਨੂੰ ਲੁਧਿਆਣੇ ਦੀ ਅਦਾਲਤ ਵਿੱਚ ਪੇਸ਼ੀ ਤੋਂ ਵੀ ਛੋਟ ਦਿੱਤੀ ਗਈ ਹੈ। ਹਾਈ ਕੋਰਟ ਨੇ ਇਸ ਬਾਰੇ ਇਨ੍ਹਾਂ ਦੀ ਪਟੀਸ਼ਨ ਵਿੱਚ ਈ ਡੀ ਅਤੇ ਆਮਦਨ ਟੈਕਸ ਵਿਭਾਗ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਚਾਰ ਅਕਤੂਬਰ ਨੂੰ ਇਸ ਕੇਸ ਦੀ ਅਗਲੀ ਸੁਣਵਾਈ ਹੋਵੇਗੀ। ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਆਮਦਨ ਟੈਕਸ ਐਕਟ ਦੀ ਧਾਰਾ 277 ਅਤੇ ਉਨ੍ਹਾਂ ਦੇ ਬੇਟੇ ਖ਼ਿਲਾਫ਼ ਧਾਰਾ 276-ਸੀ ਤੇ ਧਾਰਾ 277 ਹੇਠ ਦੋ ਕੇਸ ਦਰਜ ਹੋਏ ਸਨ। ਇਨ੍ਹਾਂ ਤਿੰਨਾਂ ਕੇਸਾਂ ਵਿੱਚ ਆਮਦਨ ਟੈਕਸ ਵਿਭਾਗ ਸ਼ਿਕਾਇਤਕਰਤਾ ਹੈ।

## ਖੁਦ ਨੂੰ ਸਰਬਉੱਚ ਮੰਨਣ ਵਾਲੇ ਕਰ ਰਹੇ ਹਨ ਚੋਣਾਂ ਦੌਰਾਨ ਮੁਜ਼ਾਹਰਿਆਂ ਦਾ ਪ੍ਰਬੰਧ

ਐਡਮੰਟਨ, 9 ਸਤੰਬਰ (ਪੋਸਟ ਬਿਊਰੋ) : ਫੈਡਰਲ ਚੋਣਾਂ ਦੀ ਕੈਂਪੇਨ ਦੀ ਸ਼ੁਰੂਆਤ ਤੋਂ ਹੀ ਲਿਬਰਲ ਆਗੂ ਜਸਟਿਨ ਟਰੂਡੋ ਦਾ ਕੁੱਝ ਗਰੁੱਪਜ਼ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਜਿੱਥੇ ਵੀ ਟਰੂਡੋ ਕੈਂਪੇਨ ਕਰਨ ਜਾਂਦੇ ਹਨ ਅਜਿਹੇ ਗਰੁੱਪਜ਼ ਦੇ ਮੈਂਬਰ ਉੱਥੇ ਪਹੁੰਚ ਕੇ ਉਨ੍ਹਾਂ ਖਿਲਾਫ ਬੇਹੂਦੇਪਣ, ਨਸਲੀ ਟਿੱਪਣੀਆਂ ਤੇ ਮਹਿਲਾਵਾਂ ਨਾਲ ਪੱਖਪਾਤ ਕਰਨ ਵਾਲੇ ਆਗੂ ਵਰਗੀਆਂ ਟਿੱਪਣੀਆਂ ਕਰਦੇ ਹਨ ਤੇ ਇਸ ਤੋਂ ਇਲਾਵਾ ਗ੍ਰੈਫਿਕ ਸਾਈਨ ਲੈ ਕੇ ਵਿਰੋਧ ਕਰਨ ਵਾਲਿਆਂ ਦਾ ਮਜ਼ਮਾਂ ਲੱਗ ਜਾਂਦਾ ਹੈ।

ਇਨ੍ਹਾਂ ਗਰੁੱਪਜ਼ ਵਿੱਚ ਲਾਕਡਾਊਨ ਵਿਰੋਧੀ, ਮਾਸਕ ਵਿਰੋਧੀ, ਵੈਕਸੀਨ ਵਿਰੋਧੀ ਲੋਕ ਸ਼ਾਮਲ ਹੁੰਦੇ ਹਨ। ਇਹ ਖੁਲਾਸਾ ਕੈਨੇਡੀਅਨ ਐਂਟੀ ਹੇਟ ਨੈੱਟਵਰਕ ਵੱਲੋਂ ਕੀਤਾ ਗਿਆ ਹੈ। ਇਨ੍ਹਾਂ ਲੋਕਾਂ ਤੋਂ ਇਲਾਵਾ ਕੁੱਝ ਨਵੇਂ ਲੋਕ ਵੀ ਵੈਕਸੀਨ ਸਬੰਧੀ ਨਿਰਦੇਸ਼ਾਂ ਤੇ ਕੋਵਿਡ-19 ਨਾਲ ਸਬੰਧਤ ਚੋਣ ਵਾਅਦਿਆਂ ਦਾ ਵਿਰੋਧ ਕਰਨ ਲਈ ਇਨ੍ਹਾਂ ਰੈਲੀਆਂ ਵਿੱਚ ਪਹੁੰਚ ਜਾਂਦੇ ਹਨ।



ਅਜਿਹੇ ਮੁਜ਼ਾਹਰਿਆਂ ਦਾ ਪ੍ਰਬੰਧ ਕਰਨ ਵਾਲਿਆਂ ਵਿੱਚ ਉਹ ਲੋਕ ਹਨ ਜਿਹੜੇ ਖੁਦ ਨੂੰ ਸਰਬਉੱਚ ਮੰਨਦੇ ਹਨ ਤੇ ਜਿਨ੍ਹਾਂ ਦੀ ਸੋਚ ਸੱਜੇ ਪੱਖੀ ਹੈ।

ਮਾਹਿਰਾਂ ਅਨੁਸਾਰ ਅਜਿਹੇ ਗਰੁੱਪਜ਼ ਵਿੱਚ ਸੱਜੇ ਪੱਖੀ, ਬਾਗੀ ਤੇ ਹੇਟ ਗਰੁੱਪਜ਼ ਨਾਲ ਜੁੜੇ ਲੋਕ ਸ਼ਾਮਲ ਹੁੰਦੇ ਹਨ। ਐਂਟੀ ਹੇਟ ਨੈੱਟਵਰਕ ਦੀ ਡਿਪਟੀ ਡਾਇਰੈਕਟਰ ਐਲਿਜ਼ਾਬੈੱਥ ਸਾਇਮਨਜ਼ ਨੇ ਆਖਿਆ ਕਿ ਉਹ ਪੱਤਰਕਾਰਾਂ ਨੂੰ, ਸਿਆਸੀ ਵਿਰੋਧੀਆਂ ਨੂੰ, ਟੰਗਣ ਦੀ ਗੱਲ ਵੀ ਕਰਦੇ ਹਨ।

## ਸ਼ਿਵ ਸੈਨਾ ਵੱਲੋਂ ਮੰਗ: ਪੰਜਾਬ ਦੀ 40 ਫ਼ੀਸਦੀ ਹਿੰਦੂ ਆਬਾਦੀ ਹੋਣ ਕਾਰਨ ਮੁੱਖ ਮੰਤਰੀ ਹਿੰਦੂ ਬਣਾਓ

ਜਲੰਧਰ, 9 ਸਤੰਬਰ (ਪੋਸਟ ਬਿਊਰੋ)- ਯੂਨਾਈਟਿਡ ਫਰੰਟ ਦੇ ਕੌਮਾਂਤਰੀ ਕਾਰਜਕਾਰੀ ਪ੍ਰਧਾਨ ਤੇ ਰਾਸ਼ਟਰਵਾਦੀ ਸ਼ਿਵਸੈਨਾ ਦੇ ਕੌਮੀ ਪ੍ਰਧਾਨ ਜੈ ਭਗਵਾਨ ਗੋਇਲ ਨੇ ਕਿਹਾ ਹੈ ਕਿ ਪੰਜਾਬ ਵਿੱਚ ਹਿੰਦੂਆਂ ਦੀ ਆਬਾਦੀ 40 ਫ਼ੀਸਦੀ ਹੋ ਚੁੱਕੀ ਹੈ, ਜਿਸ ਨੂੰ ਵੇਖਦੇ ਹੋਏ ਅਗਲੀਆਂ ਵਿਧਾਨ ਸਭਾ ਚੋਣਾਂ ਪਿੱਛੋਂਕੋਈ ਹਿੰਦੂਮੁੱਖ ਮੰਤਰੀ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਉਹ ਸਿੱਖਾਂ ਦੇ ਖ਼ਿਲਾਫ਼ ਨਹੀਂ, ਪਰ ਹਿੰਦੂਆਂ ਨੂੰ ਵੀ ਪੰਜਾਬ ਵਿੱਚ ਅੱਗੇ ਆਉਣ ਦਾ ਮੌਕਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਿਛਲੇ 55 ਸਾਲਾਂ ਵਿੱਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਬਣੀਆਂ, ਪਰ ਹਿੰਦੂ ਨੂੰ ਇੱਕ ਵਾਰ ਵੀ ਮੁੱਖ ਮੰਤਰੀ ਬਣਨ ਦਾ ਮੌਕਾ ਕਿਸੇ ਪਾਰਟੀ ਨੇ ਨਹੀਂ ਦਿੱਤਾ।

ਜੈ ਭਗਵਾਨ ਗੋਇਲ ਨੇ ਕਿਹਾ ਕਿ ਦੇਸ਼ ਵਿੱਚਸਿੱਖਾਂ ਦੀ ਆਬਾਦੀ ਦੋ ਫ਼ੀਸਦੀ ਹੈ, ਦੇਸ਼ ਨੇ ਸਿੱਖ ਭਾਈਚਾਰੇ ਨਾਲ ਸਬੰਧਤ ਗਿਆਨੀ ਜ਼ੈਲ ਸਿੰਘ ਨੂੰ ਰਾਸ਼ਟਰਪਤੀ ਬਣਾਇਆ ਅਤੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦਾ ਆਹੁਦਾ ਵੀ ਦਿੱਤਾ ਸੀ। ਹਿੰਦੂਆਂ ਨੇ ਸਿੱਖ ਭਾਈਚਾਰੇ ਦੇ ਲੋਕਾਂ ਦਾ ਦੇਸ਼ ਵਿੱਚ ਹਮੇਸ਼ਾ ਸਮਰਥਨ ਕੀਤਾ ਤਾਂ ਇਸ ਸੂਬੇ ਵਿੱਚ ਹਿੰਦੂਆਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ, ਇਸ ਲਈ ਅਗਲਾ ਮੁੱਖ ਮੰਤਰੀ ਹਿੰਦੂ ਹੋਣਾ ਚਾਹੀਦਾ ਹੈ।

## ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਸੰਵਿਧਾਨ ਵਿੱਚ ਧੋਖਾਧੜੀ ਦੇ ਕੇਸ ਦੀ ਜ਼ਮਾਨਤ ਮਿਲੀ

ਹੁਸ਼ਿਆਰਪੁਰ, 9 ਸਤੰਬਰ (ਪੋਸਟ ਬਿਊਰੋ)- ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਦੋਹਰੇ ਮਾਪਦੰਡ ਧਾਰਨ ਕੀਤੇ ਨਾਲ ਜੁੜੇ ਧੋਖਾਧੜੀ ਕੇਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੱਲ੍ਹ ਏਥੇਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਹੋਏ ਅਤੇ ਇਸ ਕੇਸ ਵਿੱਚ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ। ਇਸ ਮੌਕੇ ਉਨ੍ਹਾਂ ਦੇ ਵਕੀਲ ਨੇ ਪੇਸ਼ਗੀ ਜ਼ਮਾਨਤ ਲਈ ਇੱਕ ਲੱਖ ਰੁਪਏ ਦਾ ਬਾਂਡ ਭਰਿਆ ਅਤੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਉਨ੍ਹਾਂ ਦੀ ਜ਼ਮਾਨਤ ਲਈ ਇੱਕ ਲੱਖ ਰੁਪਏ ਦੀ ਰਕਮ ਜਮ੍ਹਾਂ ਕਰਵਾਈ। ਅਦਾਲਤ ਨੇ ਇਸ ਕੇਸ ਦੀ ਸੁਣਵਾਈ ਦੇ ਲਈ ਅਗਲੀ ਤਰੀਕ 28 ਸਤੰਬਰ ਉੱਤੇ ਪਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਸਮਾਜ ਸੇਵੀ ਬਲਵੰਤ ਸਿੰਘ ਖੇੜਾ ਨੇ ਬਾਦਲ ਅਕਾਲੀ ਦਲ ਦੇ ਆਗੂਆਂ ਉੱਤੇ ਦੋਹਰੇ ਪਾਰਟੀ ਸੰਵਿਧਾਨ ਦਾ ਦੋਸ਼ ਲਾ ਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ,ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੀਨੀਅਰ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਦੇ ਖਿਲਾਫ ਹੁਸ਼ਿਆਰਪੁਰ ਦੀ ਅਦਾਲਤ ਵਿੱਚ ਧੋਖਾਧੜੀ ਦਾ ਕੇਸ ਦਾਇਰ ਕੀਤਾ



ਹੋਇਆ ਹੈ। ਅਕਾਲੀ ਆਗੂਆਂ ਨੇ ਇਸ ਕੇਸ ਦੀ ਸੁਣਵਾਈ ਰੋਕਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਪਾਈ ਸੀ, ਪਰ ਬੀਤੇ ਦਿਨੀਂ ਅਦਾਲਤ ਨੇ ਇਹ ਅਰਜ਼ੀ ਰੱਦ ਕਰ ਦਿੱਤੀ ਸੀ। ਇਸ ਪਿੱਛੋਂ ਸੁਖਬੀਰ ਨੇ ਜਦੋਂਨ ਹੁਸ਼ਿਆਰਪੁਰ ਸੈਸ਼ਨ ਕੋਰਟ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਲਾਈ ਤਾਂ ਉਨ੍ਹਾਂ ਨੂੰ ਟਰਾਇਲ ਕੋਰਟ ਅੱਗੇ 13 ਸਤੰਬਰ ਤੋਂ ਪਹਿਲਾਂ ਨਿੱਜੀ ਤੌਰ ਉੱਤੇ ਪੇਸ਼ ਹੋ ਕੇ ਜ਼ਮਾਨਤ ਕਰਾਉਣ ਲਈ ਆਖਿਆ ਗਿਆ ਸੀ। ਇਸੇ ਸਬੰਧ ਵਿੱਚ ਉਹ ਕੱਲ੍ਹ ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨਾਲ ਅਦਾਲਤ ਵਿੱਚ ਪੇਸ਼ ਹੋਏ। ਚੀਮਾ ਦੀ ਇਸ ਕੇਸ ਵਿੱਚ ਪਹਿਲਾਂ ਹੀ ਅਗਾਊਂ ਜ਼ਮਾਨਤ ਹੋ ਚੁੱਕੀ ਹੈ। ਬਲਵੰਤ ਸਿੰਘ ਖੇੜਾ ਨੇ ਚੋਣ ਕਮਿਸ਼ਨ ਨਾਲ ਧੋਖਾਧੜੀ ਦੇ ਦੋਸ਼ ਵਿੱਚ ਅਕਾਲੀ ਆਗੂਆਂ ਉੱਤੇ ਕਾਨੂੰਨੀ ਕਾਰਵਾਈ ਅਤੇ ਸਿਆਸੀ ਪਾਰਟੀ ਵਜੋਂ ਅਕਾਲੀ ਦਲ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ ਹੈ।

## ਨਵਜੋਤ ਸਿੱਧੂ ਦੇ ਸਲਾਹਕਾਰ ਨੇ ਕਾਂਗਰਸ ਦੇ ਵ੍ਹਿਪ ਜਾਰੀ ਕਰਨ ਉਤੇ ਉਂਗਲ ਉਠਾਈ

ਚੰਡੀਗੜ੍ਹ, 9 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਤਿੰਨ ਸਤੰਬਰ ਦੇ ਵਿਸ਼ੇਸ਼ ਇਜਲਾਸ ਮੌਕੇ ਕਾਂਗਰਸ ਪਾਰਟੀ ਵੱਲੋਂ ਵ੍ਹਿਪ ਜਾਰੀ ਕਰਨ ਉੱਤੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਡਾਕਟਰ ਪਿਆਰੇ ਲਾਲ ਗਰਗ ਨੇ ਉਂਗਲ ਉਠਾਈ ਅਤੇ ਕਿਹਾ ਕਿ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਮਨਾਉਣਾ ਤਾਂ ਠੀਕ ਹੈ, ਪਰ ਕਾਂਗਰਸ ਵਿਧਾਨਕਾਰ ਪਾਰਟੀ ਵੱਲੋਂ ਵ੍ਹਿਪ ਜਾਰੀ ਕਰਨਾ ਗਲਤ ਹੈ।

ਡਾਕਟਰ ਗਰਗ ਨੇ ਕਿਹਾ ਕਿ ਭਾਰਤ ਧਰਮ ਨਿਰਪੱਖ ਮੁਲਕ ਹੈ ਤੇ ਸੰਵਿਧਾਨ ਵੀ ਧਰਮ ਨਿਰਪੱਖਤਾ ਉੱਤੇ ਪਹਿਰਾ



ਦਿੰਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਲਈ ਸੀਸ ਦਿੱਤਾ ਸੀ, ਪਰ ਕਾਂਗਰਸ ਨੇ ਵ੍ਹਿਪ ਜਾਰੀ ਕਰ ਕੇ ਧਰਮ ਦੇ ਨਾਂਅ ਉੱਤੇ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਵਿਧਾਇਕਾਂ ਨੂੰ ਮਜਬੂਰ ਕੀਤਾ ਹੈ। ਉਨ੍ਹਾ ਨਿੱਜੀ ਹੈਸੀਅਤ ਵਿੱਚ ਗੱਲ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਵ੍ਹਿਪ ਜਾਰੀ ਕਰਨਾ ਦੇਸ਼ ਦੇ ਧਰਮ ਨਿਰਪੱਖ ਏਜੰਡੇ ਉੱਤੇ ਉਂਗਲ ਖੜ੍ਹੀ ਕਰਨਾ ਹੈ। ਗਰਗ ਨੇ ਕਿਹਾ ਕਿ ਵ੍ਹਿਪ ਦਾ ਮਤਲਬ ਹੈ ਕਿ ਵਿਧਾਇਕਾਂ ਨੂੰ ਸੈਸ਼ਨ ਵਿੱਚ ਸ਼ਾਮਲ ਹੋਣਾ ਪਵੇਗਾ ਤੇ ਵੋਟ ਪਾਉਣ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਰੱਖੇ ਗਏ ਰਾਮ ਮੰਦਰ ਦੇ ਨੀਂਹ ਪੱਥਰ ਦੀ ਵੀ ਨਿੰਦਾ ਸੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਦਾ ਸੈਸ਼ਨ ਬੁਲਾਉਣਾ ਸੰਵਿਧਾਨਕ ਮਜਬੂਰੀ ਸੀ ਅਤੇ ਪ੍ਰਕਾਸ਼ ਪੁਰਬ ਮਨਾਉਣਾ ਗਲਤ ਨਹੀਂ, ਪਰ ਵ੍ਹਿਪ ਜਾਰੀ ਕਰਨਾ ਠੀਕ ਰਵਾਇਤ ਨਹੀਂ ਅਤੇ ਇਹ ਲੋਕ ਰਾਜ ਦਾ ਅਪਮਾਨ ਵੀ ਹੈ। ਸ੍ਰੀ ਗਰਗ ਨੇ ਸਪੱਸ਼ਟ ਕੀਤਾ ਕਿ ਉਹ ਨਵਜੋਤ ਸਿੱਧੂ ਦੇ ਸਲਾਹਕਾਰ ਦੇ ਤੌਰ ਉੱਤੇ ਨਹੀਂ ਸਗੋਂ ਨਿੱਜੀ ਪੱਧਰ ਉੱਤੇ ਇਹ ਆਖ ਰਹੇ ਹਨ।

ਦੂਜੇ ਪਾਸੇ ਕਾਂਗਰਸ ਵਿਧਾਨਕਾਰ ਪਾਰਟੀ ਦੇ ਚੀਫ ਵ੍ਹਿਪ ਅਤੇ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਕਿਹਾ ਕਿ ਡਾਕਟਰ ਪਿਆਰੇ ਲਾਲ ਗਰਗ ਉਨ੍ਹਾਂ ਨੂੰ ਕੋਈ ਸਲਾਹ ਨਾ ਦੇਣ, ਉਹ ਨਵਜੋਤ ਸਿੱਧੂ ਨੂੰ ਸਲਾਹ ਦੇਣ। ਵਿਧਾਨਕਾਰ ਪਾਰਟੀ ਕਿਵੇਂ ਚਲਾਉਣੀ ਹੈ, ਉਹ ਸੀ ਐਲ ਪੀ ਲੀਡਰ ਦੀਆਂ ਹਦਾਇਤਾਂ ਮੁਤਾਬਕ ਚੱਲੇਗੀ। ਉਨ੍ਹਾਂ ਕਿਹਾ ਕਿ ਡਾਕਟਰ ਗਰਗ ਨਵਾਂ ਵਿਵਾਦ ਛੇੜਨਾ ਚਾਹੁੰਦੇ ਹਨ। ਕੰਬੋਜ ਨੇ ਕਿਹਾ ਕਿ ਹਰ ਸੈਸ਼ਨ ਮੌਕੇ ਵਿਧਾਇਕਾਂ ਨੂੰ ਸੂਚਨਾ ਦੇਣ ਅਤੇ ਸਮੇਂ ਸਿਰ ਸੈਸ਼ਨ ਵਿੱਚ ਪਹੁੰਚਣ ਲਈ ਹਦਾਇਤ ਕੀਤੀ ਜਾਂਦੀ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਨਗਰ ਨਿਗਮ ਨੇ ਸਪੋਰਟਸ ਸਕੂਲ ਨੂੰ 93.53 ਲੱਖ ਰੁਪਏ ਦਾ ਪਾਣੀ ਦਾ ਬਿੱਲ ਭੇਜਿਆ

ਜਲੰਧਰ, 9 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੀ ਨਗਰ ਨਿਗਮ ਨੇ ਸਪੋਰਟਸ ਸਕੂਲ ਨੂੰ 93.53 ਲੱਖ ਰੁਪਏ ਦਾ ਪਾਣੀ ਦਾ ਬਿੱਲ ਭੇਜਿਆ ਹੈ, ਜਿਸ ਕਾਰਨ ਸਕੂਲ ਦੇ ਪ੍ਰਿੰਸੀਪਲ ਅਤੇ ਸਟਾਫ ਮੈਂਬਰ ਹੈਰਾਨ ਹਨ।

ਪਤਾ ਲੱਗਾ ਹੈ ਕਿ ਨਗਰ ਨਿਗਮ ਲਗਾਤਾਰ ਸਕੂਲ ਨੂੰ ਨੋਟਿਸ ਜਾਰੀ ਕਰ ਕੇ ਕਹਿ ਰਿਹਾ ਹੈ ਕਿ ਬਿੱਲ ਜਮ੍ਹਾਂ ਨਾ ਕਰਵਾਉਣ ਉੱਤੇ ਵਿਭਾਗੀ ਕਾਰਵਾਈ ਕਰ ਕੇ ਸੀਵਰੇਜ਼ ਡਿਸਪੋਜਲ ਸਹੂਲਤ ਬੰਦ ਕਰ ਦਿੱਤੀ ਜਾਏਗੀ। ਨਗਰ ਨਿਗਮ ਨੇ 2003 ਤੋਂ ਅੱਜ ਤਕ ਦਾ ਪਾਣੀ ਦਾ ਬਿੱਲ ਜਮ੍ਹਾਂ ਕਰਵਾਉਣ ਨੂੰ ਕਿਹਾ ਹੈ, ਪਰ ਸਪੋਰਟਸ ਸਕੂਲ ਕੋਲ ਇੰਨਾ ਫੰਡ ਨਹੀਂ ਹੈ। ਪ੍ਰਿੰਸੀਪਲ ਪ੍ਰਵੀਨ ਕੁਮਾਰੀ ਨੇ ਦੱਸਿਆ ਕਿ 2010 ਸਾਲ ਤਕ ਸਕੂਲ ਵਿੱਚ 120 ਬੱਚੇ ਸਨ, ਜਿਸ ਪਿੱਛੋਂ ਬੱਚਿਆਂ ਦੀ ਗਿਣਤੀ ਵਧੀ ਹੈ। ਉਨ੍ਹਾਂ ਦੱਸਿਆ ਕਿ ਉਹ 2017 ਵਿੱਚ ਸਕੂਲ ਵਿੱਚ ਪ੍ਰਿੰਸੀਪਲ ਬਣੇ ਸਨ, ਤਦ 178 ਵਿਦਿਆਰਥੀ ਸਨ ਅਤੇ ਅੱਜਇਹ ਗਿਣਤੀ 364 ਤਕ ਪਹੁੰਚ ਗਈ ਹੈ। ਇਸ ਬਾਰੇ ਜ਼ਿਲਾ ਸਿੱਖਿਆ ਅਫਸਰ ਹਰਿੰਦਰ ਪਾਲ ਨੇ ਕਿਹਾ ਕਿ ਸਕੂਲ ਵਿੱਚ ਖੇਡ ਵਿਭਾਗ ਦੇ ਸੈਂਟਰ ਚੱਲਦੇ ਹਨ ਅਤੇ ਸਵੀਮਿੰਗ ਪੂਲ ਵੀ ਹੈ, ਇਸ ਲਈ ਇਹ ਬਿੱਲ ਖੇਡ ਵਿਭਾਗ ਜਮ੍ਹਾਂ ਕਰਵਾਏਗਾ, ਸਿੱਖਿਆ ਵਿਭਾਗ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ।

ਵਾਟਰ ਸਪਲਾਈ ਬਿਲਿੰਗ ਸੈਕਸ਼ਨ ਦੇ ਸੁਪਰਡੈਂਟ ਮੁਨੀਸ਼ ਦੁੱਗਲ ਨੇ ਦੱਸਿਆ ਕਿ ਸਕੂਲ ਨੂੰ ਲਗਾਤਾਰ ਨੋਟਿਸ ਭੇਜਦੇ ਰਹੇ ਹਾਂ। ਨਗਰ ਨਿਗਮ ਜਿੰਨੀ ਸੇਵਾ ਦੇ ਰਿਹਾ ਹੈ, ਓਨਾ ਬਿੱਲ ਜਾਰੀ ਕਰਨਗੇ। ਸਰਕਾਰੀ ਵਿਭਾਗਾਂ ਨੂੰ ਪੈਸੇ ਜਮ੍ਹਾਂ ਕਰਵਾਉਣੇ ਪੈਣਗੇ, ਸਕੂਲ ਆਪਣੇ ਉਚ ਅਧਿਕਾਰੀਆਂ ਨਾਲ ਗੱਲ ਕਰਨ। ਜੇ ਬਿੱਲ ਵਿੱਚ ਗੜਬੜ ਹੈ ਤਾਂ ਉਸ ਨੂੰ ਠੀਕ ਕੀਤਾ ਜਾ ਸਕਦਾ ਹੈ, ਪ੍ਰੰਤੂ ਬਿੱਲ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਸਕੂਲ ਵਾਟਰ ਮੀਟਰ ਵੀ ਲਗਵਾ ਸਕਦਾ ਹੈ।

# ਅਮਰੀਕੀ ਮਜ਼ਦੂਰ ਦਿਵਸ ਦਾ ਪਿਛੋਕੜ

ਭਾਵੇਂ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ।ਇਸ ਸਾਲ ਅਮਰੀਕਾ ਵਿਚ ਇਹ ਦਿਨ 6 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਕੌਮੀ ਛੁੱਟੀ ਹੁੰਦੀ ਹੈ।ਅਮਰੀਕਾ ਵਾਂਗ ਕਨੇਡਾ ਵਿਚ ਇਹ ਦਿਨ ਉਸੇ ਦਿਨ ਮਨਾਇਆ ਜਾਂਦਾ ਹੈ ਤੇ ਕੌਮੀ ਛੁੱਟੀ ਹੁੰਦੀ ਹੈ।ਬਾਕੀ ਸਾਰੀ ਦੁਨੀਆਂ ਵਿਚ ਇਹ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ।ਅਮਰੀਕਾ ਤੇ ਕਨੇਡਾ ਦੀਆਂ ਮਜਦੂਰ ਜਥੇਬੰਦੀਆਂ ਪਹਿਲੀ ਮਈ ਨੂੰ ਵੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਉਂਦੀਆਂ ਹਨ।ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ ਤਾਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ?ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਊਨਿਸਟ ਪੱਖੀ ਤੇ ਅਰਾਜਕਤਾ ( ਅਨਾਰਕਿਸਟ) ਸਮਝਦੇ ਹਨ।ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿੱਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ ਉਸੇ ਤਰ੍ਹਾਂ ਅਮਰੀਕਾ ਤੇ ਕਨੇਡਾ ਵਿੱਚ ਵੀ ਮਾਲਕ ਆਪਣੇ ਨੌਕਰਾਂ ਦੀ ਖ਼ੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕਾ ਕਾਮਿਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੀਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿੱਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ। ਇਸ ਮੌਕੇ 'ਤੇ ਨਾਇਟਸ ਆਫ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪਰੰਪਰਾਗਤ ਮੰਗਾਂ, ਜਿਨ੍ਹਾਂ ਵਿੱਚ ਦਿਨ ਵਿੱਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਊਰੋ ਸਥਾਪਤ ਕਰਨ, ਜ਼ੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ


ਡਾ. ਚਰਨਜੀਤ ਸਿੰਘ ਗੁਮਟਾਲਾ, 0019375739812 ਡੇਟਨ,ਓਹਾਇਹੋ, ਯੂ ਐਸ ਏ

ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿੱਚ ਇੱਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾਕੇ ਇਸ ਪ੍ਰੇਡ ਵਿੱਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿੱਚ ਸ਼ਾਮਲ ਨਾ ਹੋਏ ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿੱਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ 'ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ।

ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ ਹੌਲੀ ਇਸ ਵਿੱਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿੱਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ।

5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ 'ਤੇ ਮਨਾਇਆ ਗਿਆ। ਪਰ 1884 ਵਿੱਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿੱਚ ਯੂ.ਐਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।

ਜਿੱਥੋਂ ਤੀਕ 1 ਮਈ ਨੂੰ ਬਾਕੀ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿੱਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲੀਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲੀਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿੱਚ ਪੁਲੀਸ ਨੇ ਗੋਲੀ ਚਲਾ ਦਿੱਤੀ। ਘੱਟੋ ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ। ਪੁਲੀਸ ਦੀ ਆਪਣੀ ਗੋਲੀ ਨਾਲ 6 ਪੁਲੀਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲੀਸ ਨੇ ਮੀਟਿੰਗ ਵਿੱਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿੱਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿੱਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਫਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿੱਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫਾਂਸੀ ਦਿੱਤੀ ਗਈ। ਇਸ ਦਿਨ ਨੂੰ "ਬਲੈਕ ਫਰਾਈਡੇ" ਕਰਕੇ ਜਾਣਿਆ ਜਾਂਦਾ ਹੈ। 1893 ਵਿੱਚ ਉਹਨਾਂ ਦੀ ਯਾਦ ਵਿੱਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ 'ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ 'ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿੱਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿੱਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ।

ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ ਘੱਟ ਦਰ ਨਿਸ਼ਚਿਤ ਕਰਨ ਲੱਗੀ।

# ਸੱਭਿਅਕ ਸਮਾਜ ਦੀ ਨੀਂਹ : ਅਧਿਆਪਕ

ਅਧਿਆਪਕ ਇੱਕ ਕਿੱਤੇ ਦਾ ਹੀ ਨਾਂ ਨਹੀਂ , ਸਗੋਂ ਅਧਿਆਪਕ ਆਪਣੇ ਆਪ ਵਿੱਚ ਇੱਕ " ਪਰਉਪਕਾਰੀ - ਸੰਸਥਾ " ਹੈ। ਆਦਿ ਕਾਲ ਤੋਂ ਹੀ ਅਧਿਆਪਕ ਨੂੰ ਪ੍ਰਮਾਤਮਾ ਤੋਂ ਉੱਚਾ ਰੁਤਬਾ ਦਿੱਤਾ ਜਾਂਦਾ ਰਿਹਾ ਹੈ। ਅਧਿਆਪਕ ਮਨੁੱਖ ਦੀ ਜ਼ਿੰਦਗੀ ਦੇ ਵਿਕਾਸ , ਤਰੱਕੀ ਅਤੇ ਉੱਚਤਾ ਲਈ ਮਹੱਤਵਪੂਰਨ ਅਤੇ ਪੂਰਕ ਰਿਹਾ ਹੈ। ਅਧਿਆਪਕ ਅਤੇ ਉਸ ਦੇ ਦਿੱਤੇ ਗਿਆਨ ਦੀ ਲੋਅ ਸਦਕਾ ਹੀ ਇੱਕ ਸੱਭਿਅਕ ਸਮਾਜ ਹੋਂਦ ਵਿੱਚ ਆਇਆ ਅਤੇ ਸਮਾਜ ਵਿਚ ਸ੍ਰੇਸ਼ਟਤਾ ਅਤੇ ਸ਼ਿਸ਼ਟਤਾ ਬਣੀ ਰਹਿੰਦੀ ਹੈ। ਅਧਿਆਪਕ ਸਾਡੇ ਜੀਵਨ ਨੂੰ ਆਪਣੇ ਗਿਆਨ , ਤਜਰਬਿਆਂ , ਸੰਸਕਾਰਾਂ ਤੇ ਉੱਚੀ - ਸੁੱਚੀ ਸੋਚ ਕਰਕੇ ਖੁਸ਼ਹਾਲ , ਸੁਖਾਲਾ , ਉੱਤਮ, ਸ੍ਰੇਸ਼ਟ ਅਤੇ ਸੱਭਿਅਕ ਬਣਾਉਂਦਾ ਹੈ। ਹਰ ਅਧਿਆਪਕ ਦੀ ਇਹ ਸਿਰ ਤੋੜ ਕੋਸ਼ਿਸ਼ ਹੁੰਦੀ ਹੈ ਕਿ ਉਸ ਦਾ ਸ਼ਗਿਰਦ ਜ਼ਿੰਦਗੀ 'ਚ ਉੱਚ - ਪਦਵੀ ਉੱਤੇ ਪਹੁੰਚੇ , ਸ਼ਿਸ਼ਟਤਾ ਅਤੇ ਨੈਤਿਕਤਾ ਦਾ ਪੱਲਾ ਜ਼ਿੰਦਗੀ ਭਰ ਫੜੀ ਰੱਖੇ ਅਤੇ ਜੀਵਨ ਵਿੱਚ ਕਾਮਯਾਬ ਹੋ ਸਕੇ। ਅਧਿਆਪਕ ਉਸ ਦੀਵੇ ਵਾਂਗ ਹੁੰਦਾ ਹੈ , ਜੋ ਖ਼ੁਦ ਜਲ ਕੇ ਦੂਸਰਿਆਂ ਨੂੰ ਰੁਸ਼ਨਾਉਂਦਾ ਹੈ। ਅਧਿਆਪਕ ਆਪਣੇ ਸ਼ਗਿਰਦ ਨਾਲ ਮਾਤਾ - ਪਿਤਾ ਅਤੇ ਸੱਚੇ ਦੋਸਤ ਵਾਲਾ ਰਿਸ਼ਤਾ ਵੀ ਨਿਭਾਉਂਦਾ ਹੈ। ਅਧਿਆਪਕ ਕੋਲ ਪੜ੍ਹਿਆ ਕੋਈ ਸ਼ਗਿਰਦ ਜਦੋਂ ਕਿਸੇ ਉੱਚ - ਅਹੁਦੇ ਉੱਤੇ ਪਹੁੰਚ ਜਾਂਦਾ ਹੈ ਜਾਂ ਜ਼ਿੰਦਗੀ 'ਚ ਸਫਲ ਹੋ ਕੇ ਬੁਲੰਦੀਆਂ ਨੂੰ ਛੂਹਦਾ ਹੈ ਤਾਂ ਜੋ ਅਨੰਦ , ਖੁਸ਼ੀ , ਸਕੂਨ , ਤ੍ਰਿਪਤੀ , ਖੇੜਾ ਅਤੇ ਸ਼ਾਂਤੀ ਇੱਕ ਅਧਿਆਪਕ ਨੂੰ ਮਿਲਦੀ ਹੈ , ਉਸ ਨੂੰ ਦੱਸਣਾ , ਕਲਮਬੱਧ ਕਰਨਾ ਤੇ ਸਿੱਧ ਕਰਨਾ ਬਹੁਤ ਹੀ ਔਖਾ ਹੈ। ਅਧਿਆਪਕ ਕਦੇ ਵੀ ਕਿਸੇ ਸ਼ਗਿਰਦ ਨਾਲ ਕਿਸੇ ਵੀ ਗੱਲ ਜਾਂ ਰੁਤਬੇ ਕਰਕੇ ਕੋਈ ਵਿਤਕਰਾ ਨਹੀਂ ਕਰਦਾ। ਇੱਕ ਮਾਂ ਵਾਂਗ ਹੀ ਉਸ ਲਈ ਵੀ ਸਾਰੇ ਵਿਦਿਆਰਥੀ ਬਰਾਬਰ ਹੁੰਦੇ ਹਨ। ਉਹ ਸਭ ਨੂੰ ਇੱਕ ਅੱਖ ਨਾਲ ਵੇਖਦਾ ਹੈ ਤੇ ਸਭ ਵਿਦਿਆਰਥੀਆਂ ਨਾਲ ਇੱਕੋ ਜਿਹਾ ਸਲੂਕ ਕਰਦਾ ਹੈ। ਅਧਿਆਪਕ ਵੀ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਵਾਂਗ ਹੀ ਦਿਲੋਂ ਸੱਚਾ , ਈਮਾਨਦਾਰ , ਨੇਕ , ਸੱਭਿਅਕ , ਸ਼ਿਸ਼ਟਤਾ - ਭਰਪੂਰ ਅਤੇ ਸਦਾਚਾਰੀ ਹੁੰਦਾ ਹੈ। ਅਧਿਆਪਕ ਦਾ ਦਿਲ ਵੀ ਬੱਚਿਆਂ ਦੇ ਦਿਲ ਵਾਂਗ ਸਾਫ ਅਤੇ ਨਿਰਮਲ ਹੁੰਦਾ ਹੈ। ਜ਼ਿੰਦਗੀ , ਸਮਾਜ , ਦੇਸ਼ ਅਤੇ ਮਨੁੱਖਤਾ ਦੀ ਤਰੱਕੀ ਵਿੱਚ ਅਧਿਆਪਕ ਦੀ ਅਹਿਮ ਅਤੇ ਮਜ਼ਬੂਤ ਭੂਮਿਕਾ ਸਮਝਦੇ ਹੋਏ ਸਾਨੂੰ ਅਤੇ ਸਮਾਜ ਨੂੰ ਅਧਿਆਪਕ ਦੀ ਦਿਲੋਂ ਇੱਜ਼ਤ ਕਰਨ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਅਸੀਂ ਆਪਣੀ ਜ਼ਿੰਦਗੀ ਦਾ ਸੁਨਹਿਰੀ ਪੜਾਅ " ਬਚਪਨ " ਆਪਣੇ ਅਧਿਆਪਕਾਂ ਕੋਲ ਹੀ ਬਤੀਤ ਕੀਤਾ ਹੁੰਦਾ ਹੈ , ਉਨ੍ਹਾਂ ਕੋਲੋਂ ਹੀ ਜੀਵਨ - ਜਾਂਚ , ਮਰਿਆਦਾ , ਸ਼ਿਸ਼ਟਤਾ ਅਤੇ ਸਫ਼ਲਤਾ ਦੇ ਗੁਰ ਸਿੱਖੇ ਹੁੰਦੇ ਹਨ ਅਤੇ ਤਰੱਕੀਆਂ ਪ੍ਰਾਪਤ ਕੀਤੀਆਂ ਹੋਈਆਂ ਹੁੰਦੀਆਂ ਹਨ , ਇਸ ਲਈ ਇਹ ਅਤਿ ਜ਼ਰੂਰੀ ਬਣਦਾ ਹੈ ਕਿ ਜੀਵਨ ਵਿੱਚ ਅਤੇ ਵੱਡੇ - ਵੱਡੇ ਮੁਕਾਮ ਹਾਸਲ ਕਰਨ ਮਗਰੋਂ ਵੀ ਆਪਣੇ ਅਧਿਆਪਕਾਂ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਉਨ੍ਹਾਂ ਦੀ ਤਸਵੀਰ ਘਰ - ਪਰਿਵਾਰ ਵਿੱਚ ਜ਼ਰੂਰ ਲਗਾਉਣੀ ਚਾਹੀਦੀ ਹੈ। ਜੀਵਨ ਵਿੱਚ ਅਤੇ ਘਰ - ਪਰਿਵਾਰ ਦੇ ਹਰ ਦੁੱਖ - ਸੁੱਖ ਵਿੱਚ ਆਪਣੇ ਅਧਿਆਪਕਾਂ ਨੂੰ ਇੱਜ਼ਤ ਮਾਣ ਨਾਲ਼ ਬੁਲਾ ਕੇ ਉਨ੍ਹਾਂ ਦੀ ਸ਼ਿਰਕਤ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਜਦੋਂ ਵੀ ਯਾਦ ਆਵੇ ਤਾਂ ਆਪਣੇ ਅਧਿਆਪਕ ਨੂੰ ਫੋਨ ਜਾਂ ਚਿੱਠੀ - ਪੱਤਰ ਰਾਹੀਂ ਯਾਦ ਕਰ ਲੈਣਾ ਚਾਹੀਦਾ ਹੈ ਜਾਂ ਸਮਾਂ ਕੱਢ ਕੇ ਅਧਿਆਪਕਾਂ ਦੇ ਘਰ ਜਾ ਆਉਣਾ ਚਾਹੀਦਾ ਹੈ। ਇਹ ਗੱਲ ਦਿਲ ਵਿੱਚ ਕਦੇ ਨਹੀਂ ਲਿਆਉਣੀ ਚਾਹੀਦੀ ਕਿ " ਹੁਣ ਅਸੀਂ ਆਪਣੇ ਅਧਿਆਪਕਾਂ ਤੋਂ ਕੀ ਲੈਣਾ ਹੈ , ਕਿਉਂ ਉਨ੍ਹਾਂ ਨੂੰ ਫੋਨ ਕਰੀਏ , ਕਿਉਂ ਉਹਨਾਂ ਨੂੰ ਮਿਲਣ ਜਾਈਏ ? " ਇੱਕ ਅਧਿਆਪਕ ਨੂੰ ਇਹ ਆਸ ਹੁੰਦੀ ਹੈ ਅਤੇ ਉਸ ਲਈ ਇਹ ਬਹੁਤ ਵੱਡਾ ਸਨਮਾਨ ਹੁੰਦਾ ਹੈ ਕਿ ਉਸ ਦੇ ਵਿਦਿਆਰਥੀ ਉਸ ਨੂੰ ਜੀਵਨ ਭਰ ਇੱਜ਼ਤ - ਸਤਿਕਾਰ ਕਰਦੇ ਹਨ ਤੇ ਉਸ ਨੂੰ ਯਾਦ ਰੱਖਦੇ ਹਨ। ਜਦੋਂ ਇੱਕ ਅਧਿਆਪਕ ਕੋਲ ਪੜ੍ਹਿਆ ਹੋਇਆ ਵਿਦਿਆਰਥੀ ਉਸ ਨੂੰ ਇੱਜ਼ਤ - ਮਾਣ ਅਤੇ ਸਤਿਕਾਰ ਵਜੋਂ ਬੁਲਾਉਂਦਾ , ਉਸ ਦਾ ਹਾਲ - ਚਾਲ , ਦੁੱਖ - ਸੁੱਖ ਪੁੱਛਦਾ ਹੈ ਅਤੇ ਆਪਣੇ ਘਰ ਬੁਲਾਉਂਦਾ ਹੈ ਜਾਂ ਖ਼ੁਦ ਪਰਿਵਾਰ ਅਤੇ ਬੱਚਿਆਂ ਨੂੰ ਨਾਲ਼ ਲੈ ਕੇ ਅਧਿਆਪਕ ਨੂੰ ਮਿਲਣ ਲਈ ਉਸ ਦੇ ਘਰ ਜਾਂਦਾ ਹੈ ਤਾਂ ਅਧਿਆਪਕ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਅਤੇ ਸਕੂਨ ਦੀ ਪ੍ਰਾਪਤੀ ਹੁੰਦੀ ਹੈ।ਆਖਿਰ ਇਹੋ ਕਹਿਣਾ ਵਾਜਬ ਹੋ ਸਕਦਾ ਹੈ ਕਿ ਸਾਨੂੰ ਆਪਣੇ ਅਧਿਆਪਕਾਂ ਦਾ ਸਾਰੀ ਜ਼ਿੰਦਗੀ ਇੱਜ਼ਤ - ਮਾਣ ਕਰਨਾ ਚਾਹੀਦਾ ਹੈ , ਵੇਲੇ - ਕੁਵੇਲੇ ਉਨ੍ਹਾਂ ਨਾਲ ਰਾਬਤਾ ਰੱਖਣਾ ਚਾਹੀਦਾ ਹੈ , ਉਨ੍ਹਾਂ ਦੁਆਰਾ ਦਿੱਤੀ ਸਿੱਖਿਆ ਨੂੰ ਕਦੇ ਵੀ ਮਨੋਂ ਵਿਸਾਰਨਾ ਨਹੀਂ ਚਾਹੀਦਾ ਅਤੇ ਸਮੇਂ - ਸਮੇਂ 'ਤੇ ਅਧਿਆਪਕਾਂ ਨੂੰ ਚਰਨ ਵੰਦਨਾ ਕਰਕੇ ਉਹਨਾਂ ਦੀਆਂ ਦੁਆਵਾਂ , ਅਸੀਸਾਂ , ਮਾਰਗਦਰਸ਼ਨ ਤੇ ਅਸ਼ੀਰਵਾਦ ਲੈਂਦੇ ਰਹਿਣਾ ਚਾਹੀਦਾ ਹੈ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


# ਲੋਕ ਪੱਖੀ ਨੀਤੀਆਂ, ਬਹੁਮੱਤੀਆਂ ਹੀ ਕੀਤੀਆਂ


ਹਰਬੰਸ ਸਿੰਘ ਜੰਡਾਲੀ
ਫੋਨ: 416-804-1999

ਫੈਡਰਲ ਸਰਕਾਰ ਦੀਆਂ ਚੋਣਾਂ 20 ਸਤੰਬਰ ਨੂੰ ਹੋਣ ਜਾ ਰਹੀਆਂ ਹਨ। 10, 11, 12 ਅਤੇ 13 ਸਤੰਬਰ ਨੂੰ ਐਡਵਾਂਸ ਵੋਟਾਂ ਪੈਣਗੀਆਂ। ਸਾਨੂੰ ਇਨ੍ਹਾਂ ਸਬੰਧੀ ਅੱਜ ਤੋਂ ਹੀ ਸੋਚ ਵਿਚਾਰ ਕਰਕੇ ਆਪਣੀ ਪਲੈਨਿੰਗ ਕਰ ਲੈਣੀ ਚਾਹੀਦੀ ਹੈ। ਸੋਚਣ ਦਾ ਵੇਲਾ ਸਿਰ ਉੱਤੇ ਹੈ।

ਇਨ੍ਹਾਂ ਚੋਣਾਂ ਵਿੱਚ ਮੁੱਖ ਤੌਰ ਉੱਤੇ ਤਿੰਨ ਪਾਰਟੀਆਂ; ਲਿਬਰਲ, ਪੀਸੀ ਭਾਵ ਕਨਜ਼ਰਵੇਟਿਵ ਅਤੇ ਐਨਡੀਪੀ, ਮੈਦਾਨ ਵਿੱਚ ਆਈਆਂ ਹਨ। ਇਨ੍ਹਾਂ ਪਾਰਟੀਆਂ ਦੀਆਂ ਪਿਛਲੀਆਂ ਸਰਕਾਰਾਂ ਦੀ ਕਾਰਗੁਜਾਰੀ ਦੇਖੀਏ ਤਾਂ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਇੱਕ ਲਿਬਰਲ ਸਰਕਾਰ ਹੀ ਅਜੇਹੀ ਹੈ ਜਿਸ ਨੇ ਲੋੜ ਪੈਣ ਉੱਤੇ ਪਰਵਾਸੀਆਂ ਦੀ ਬਾਂਹ ਫੜੀ ਹੈ। ਇਸ ਨੇ ਹੀ ਵੱਡੀ ਪੱਧਰ ਉੱਤੇ ਪਰਵਾਸੀਆਂ ਨੂੰ ਕੈਨੇਡਾ ਵਿੱਚ ਵਸਾ ਕੇ ਕੈਨੇਡਾ ਦੀ ਆਰਥਿਕਤਾ ਨੂੰ ਮਜਬੂਤ ਕੀਤਾ ਹੈ ਤੇ ਉੱਤਮਤਾ ਵਿੱਚ ਕੈਨੇਡਾ ਅੱਜ ਸੰਸਾਰ ਦਾ ਪਹਿਲੇ ਨੰਬਰ ਦਾ ਦੇਸ਼ ਬਣ ਚੁੱਕਾ ਹੈ।

1972 ਵਿੱਚ ਜਸਟਨ ਟਰੂਡੋ ਦੇ ਦੂਰਅੰਦੇਸ਼ ਪਿਤਾ ਨੇ ਭਵਿੱਖ ਦੀਆਂ ਲੋੜਾਂ ਨੂੰ ਅਨੁਭਵ ਕਰਦਿਆਂ ਹੋਇਆਂ ਪਰਵਾਸੀਆਂ ਲਈ ਕੈਨੇਡਾ ਦਾ ਰਾਹ ਖੋਲ੍ਹਿਆ ਸੀ। ਜਿਸ ਦੇ ਸਦਕਾ ਅਸੀਂ ਤਪੱਸਿਆਵੀ ਸਖਤ ਮਿਹਨਤ ਕਰਕੇ ਕੈਨੇਡਾ ਦੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨ ਵਿੱਚ ਭਰਪੂਰ ਯੋਗਦਾਨ ਪਾ ਸਕੇ ਅਤੇ ਆਪਣੀ ਅਗਲੀਆਂ ਪੀੜ੍ਹੀਆਂ ਦੇ ਮਸਤਕ ਵਿੱਚ ਸੁਨਹਿਰੀ ਸੁਪਨੇ ਬੀਜ ਸਕੇ। ਅੱਜ ਅਸੀਂ ਜਿਸ ਸਵਰਗ ਵਿੱਚ ਰਹਿ ਰਹੇ ਹਾਂ, ਉਹ ਸਾਰਾ ਵਾਤਾਵਰਨ ਲਿਬਰਲ ਸਰਕਾਰ ਨੇ ਹੀ ਉਸਾਰ ਕੇ ਦਿੱਤਾ ਹੈ। ਇਸ ਵਾਤਾਵਰਨ ਨੂੰ ਬਣਾਈ ਰੱਖਣ ਅਤੇ ਇੰਮੀਗ੍ਰੇਸ਼ਨ ਪਾਲਸੀਆਂ ਨੂੰ ਹੋਰ ਸੁਖਾਵੀਆਂ ਅਤੇ ਸੁਖਾਲੀਆਂ ਬਨਾਉਣ ਲਈ ਕੈਨੇਡਾ ਵਿੱਚ ਡਾਵਾਂਡੋਲ ਦੀ ਥਾਂ ਇੱਕ ਤਕੜੀ ਤੇ ਸੂਝਵਾਨ ਲਿਬਰਲ ਸਰਕਾਰ ਬਣਾਈ ਜਾਵੇ। ਇਹ ਅੱਜ ਦੇ ਸਮੇਂ ਦੀ ਮੰਗ ਹੈ।

ਅੱਜ ਸੰਸਾਰ ਵਿਆਪਕ ਕੋਵਿਡ 19 ਦੀ ਮਹਾਂਮਾਰੀ ਨੂੰ ਜਿਸ ਕੌਸ਼ਲਤਾ ਨਾਲ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਲਿਬਰਲ ਸਰਕਾਰ ਨੇ ਨਜਿੱਠਿਆ ਹੈ, ਇਹ ਆਪਣੇ ਆਪ ਵਿੱਚ ਇੱਕ ਬੇਮਿਸ਼ਾਲ ਹੈ। ਇਸ ਔਖੀ ਘੜੀ ਵਿੱਚ ਲਿਬਰਲ ਸਰਕਾਰ ਨੇ ਹਰ ਨਾਗਰਿਕ ਦੀ ਢੁਕਵੀਂ ਆਰਥਿਕ ਸਹਾਇਤਾ ਕੀਤੀ ਹੈ। ਹਰ ਬਿਜਨਸ ਨੂੰ ਚੱਲਦਾ ਰੱਖਣ ਲਈ ਸਮੇਂ-ਸਮੇਂ ਯੋਗ ਸਹਾਇਤਾ ਕੀਤੀ ਹੈ। ਟਰੂਡੋ ਦੀ ਲਿਬਰਲ ਸਰਕਾਰ ਦੀ ਸਿਆਣਪ ਸਦਕਾ ਹੀ ਕੈਨੇਡਾ ਦੀ ਸਾਖ ਅਤੇ ਪੁੱਛ ਪੜਤਾਲ ਅੱਜ ਸਿਖਰ ਉੱਤੇ ਹੈ।

ਸੰਸਾਰ ਵਿੱਚ ਜਿੱਥੇ ਵੀ ਹਿਊਮਨ ਰਾਈਟਸ ਨੂੰ ਸੱਟ ਵਜਦੀ ਹੈ ਕੈਨੇਡਾ ਦੀ ਲਿਬਰਲ ਸਰਕਾਰ ਉੱਥੇ ਹੀ ਆਪਣੀ ਆਵਾਜ਼ ਬੁਲੰਦ ਕਰਦੀ ਹੈ। ਅੱਜ ਜਦੋਂ ਕਿ ਭਾਰਤ ਵਿੱਚ ਕਿਸਾਨ ਅੰਦੋਲਨ ਚੱਲ ਰਿਹਾ ਹੈ ਉਸਦੇ ਹੱਕ ਵਿੱਚ ਦੁਨੀਆਂ ਦਾ ਪਹਿਲਾ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਹੀ ਸੀ ਜੋ ਨਿੱਤਰ ਕੇ ਸਾਹਮਣੇ ਆਇਆ। ਅੱਜ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਵੀ ਲਿਬਰਲ ਪਾਰਟੀ ਦੇ ਮੋਢੇ ਨਾਲ ਮੋਢਾ ਜੋੜਕੇ ਉਸਨੂੰ ਹੋਰ ਸਮਰੱਥ ਬਣਾਈਏ।

ਸਦਾ ਵਾਂਗ ਅੱਜ ਵੀ ਗੋਦੀ ਮੀਡੀਆ ਚੰਗਿਆਈ ਵਿਰੁੱਧ ਆਪਣਾ ਬੁਰਿਆਈ ਰਾਗ ਅਲਾਪ ਰਿਹਾ ਹੈ। ਕੱਲ੍ਹ ਦੀ ਗੱਲ ਹੈ ਜੋ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਜਦੋਂ ਹਾਰਪਰ ਦੀ ਕਨਜ਼ਰਵੇਟਿਵ ਸਰਕਾਰ ਨੇ ਟੋਰਾਂਟੋ ਦੇ ਸਿੱਖਾਂ ਦੇ ਨਗਰ ਕੀਰਤਨ ਦਾ ਬਾਈਕਾਟ ਕਰ ਦਿੱਤਾ ਸੀ। ਆਪਣੇ ਵਜ਼ੀਰਾਂ ਨੂੰ ਇੱਸ ਵਿੱਚ ਭਾਗ ਲੈਣ ਤੋਂ ਰੋਕ ਦਿੱਤਾ। ਨਗਰ ਕੀਰਤਨ ਵਿੱਚ ਸ਼ਾਮਲ ਹੋਣ ਲਈ ਮਿਲਟਰੀ ਦਾ ਬੈਂਡ ਮਨਜ਼ੂਰ ਕਰ ਕੇ ਕੇਵਲ ਦੋ ਦਿਨ ਪਹਿਲੋਂ ਮਨਜ਼ੂਰੀ ਵਾਪਿਸ ਲੈ ਲਈ ਸੀ।

ਧਰਮ-ਕਰਮ ਵਿੱਚ ਖੜ੍ਹੇ ਪੈਰ ਸਾਥ ਰੋਕ ਦੇਣ ਵਾਲੀ ਸਰਕਾਰ ਨੂੰ ਅਸੀਂ ਸਰਬ ਸਾਂਝੀ ਤੇ ਲੋਕ ਹਿਤੈਸੀ ਸਰਕਾਰ ਕਿਵੇਂ ਮੰਨ ਲਈਏ? ਇਹ ਤਾਂ ਕੇਵਲ ਕਨੇਡੀਅਨ ਅਡਾਨੀਆਂ ਆਬਾਨੀਆਂ ਦੇ ਹਿਤਾਂ ਦਾ ਖਿਆਲ ਰੱਖਣ ਵਾਲੀ ਹੀ ਪਾਰਟੀ ਹੈ।

ਅੱਜ ਵਿਰੋਧੀਆਂ ਵੱਲੋਂ ਇਹ ਸਵਾਲ ਉਛਾਲਿਆ ਜਾ ਰਿਹਾ ਹੈ ਕਿ ਜਦੋਂ ਸਰਕਾਰ ਠੀਕ-ਠਾਕ ਚੱਲ ਰਹੀ ਸੀ ਤਾਂ ਫਿਰ ਦੇਸ ਨੂੰ ਵੋਟਾਂ ਦੀ ਸਿਰਦਰਦੀ ਵਿੱਚ ਪਾਉਣ ਦੀ ਕੀ ਲੋੜ ਸੀ। ਅਸਲ ਵਿੱਚ ਇਹ ਸਰਕਾਰ ਪੂਰੀ ਤਰ੍ਹਾਂ ਠੀਕ ਨਹੀਂ ਚੱਲ ਰਹੀ ਸੀ। ਜਦੋਂ ਅੱਗੇ ਵਧਣ ਦਾ ਸਟੀਅਰਿੰਗ ਦੂਜੇ ਦੇ ਹੱਥ ਹੋਵੇ ਕੋਈ ਵੀ ਸਰਕਾਰ ਆਪਣੀਆਂ ਨੇਕ ਨੀਤੀਆਂ ਕਿਵੇਂ ਲਾਗੂ ਕਰ ਸਕਦੀ ਹੈ। ਉਸਨੂੰ ਝੁਕ ਕੇ, ਰੁਕ ਕੇ ਗੱਲ ਕੀ ਹਰ ਹਾਲ ਵਿੱਚ ਵਿਰੋਧੀਆਂ ਦੀ 'ਹਾਂ' ਜਿੱਤਣੀ ਪੈਂਦੀ ਹੈ। ਸਹੀ ਗੱਲ ਤਾਂ ਇਹ ਹੈ ਕਿ ਅੱਜ ਤੱਕ ਜੋ ਵੀ ਕੈਨੇਡਾ ਦੀ ਇਹ ਸਰਕਾਰ ਚੱਲੀ ਹੈ ਉਹ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੀ ਸਿਆਣਪ ਸਦਕਾ ਹੀ ਚੱਲੀ ਹੈ। ਆਖਿਰ ਟਰੂਡੋ ਨੇ ਇਹ ਅਨੁਭਵ ਕਰ ਲਿਆ ਸੀ ਕਿ ਡਾਵਾਂਡੋਲ ਸਰਕਾਰ ਦੇ ਇਨ੍ਹਾਂ ਹਾਲਾਤਾਂ ਵਿੱਚ ਹੁੰਦੇ ਹੋਏ ਲਿਬਰਲ ਸਰਕਾਰ ਆਪਣੇ ਲੋਕਾਂ ਨਾਲ ਕੀਤੇ ਹੋਏ ਬਾਅਦੇ ਪੂਰੇ ਨਹੀਂ ਕਰ ਸਕੇਗੀ। ਇਸ ਲਈ ਹੀ ਸਮੇਂ ਸਿਰ ਲੋਕਾਂ ਦਾ ਸਾਥ ਮੰਗਣ ਦੀ ਉਨ੍ਹਾਂ ਨੇ ਲੋੜ ਸਮਝੀ। ਲੋੜੀਂਦੇ ਤਕੜੇ ਨਿਰਨੇ ਲੈਣ ਲਈ ਲੋਕ-ਪੱਖੀ ਸਰਕਾਰ ਨੂੰ ਵੀ ਇੱਕ ਸਥਿਰ ਸਰਕਾਰ ਦੀ ਲੋੜ ਹੁੰਦੀ ਹੈ। ਬਹੁਮੱਤ ਤੋਂ ਬਿਨਾਂ ਸਰਕਾਰ ਸਥਿਰ ਨਹੀਂ ਹੋ ਸਕਦੀ।

ਆਪਣੇ ਬੱਚਿਆਂ ਦਾ ਉਜਲਾ ਭਵਿੱਖ ਉਸਾਰਨ ਲਈ ਅਤੇ ਕੈਨੇਡਾ ਨੂੰ ਸਹੀ ਦਿਸ਼ਾ ਵੱਲ ਲੈ ਜਾਣ ਲਈ, ਆਉ ਕੈਨੇਡਾ ਵਿੱਚ ਲਿਬਰਲਾਂ ਦੀ ਬਹੁਮੱਤ ਵਾਲੀ ਮਜਬੂਤ ਤੇ ਪਾਇਦਾਰ ਸਰਕਾਰ ਲਿਆਈਏ।


BEST CANADIAN TRUCK & FORKLIFT TRAINING CENTRE
BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005





- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-


Karnail Singh

416.670.3173 | 905.799.7333
27 Edvac Dr, Brampton, ON L6S 5X8

# ਗਵਰਨਰੀ ਰਾਜ ਵੱਲ ਵਧਦਾ ਜਾਪਣ ਲੱਗ ਪਿਐ ਪੰਜਾਬ



ਜਤਿੰਦਰ ਪੰਨੂ

ਕਰੀਬ ਦੋ ਹਫਤੇ ਪਹਿਲਾਂ ਜਦੋਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਇੱਕ ਟੀ ਵੀ ਪ੍ਰੋਗਰਾਮ ਵਿੱਚ ਇਹ ਗੱਲ ਕਹੀ ਸੀ ਕਿ ਜਿਸ ਪਾਸੇ ਨੂੰ ਹਾਲਾਤ ਵਧਦੇ ਜਾਂਦੇ ਹਨ, ਕੇਂਦਰ ਦੀ ਸਰਕਾਰ ਨੂੰ ਪੰਜਾਬ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਮੌਕਾ ਮਿਲ ਸਕਦਾ ਹੈ ਤਾਂ ਕਈ ਲੋਕਾਂ ਨੇ ਮਜ਼ਾਕ ਉਡਾਇਆ ਸੀ। ਕੁਝ ਲੋਕ ਇਸ ਗੱਲ ਦਾ ਬੁਰਾ ਮਨਾ ਰਹੇ ਸਨ ਕਿ ਇਹ ਕਿਹਾ ਹੀ ਕਿਉਂ ਹੈ, ਪਰ ਉਹ ਇਹ ਨਹੀਂ ਸੀ ਕਹਿੰਦੇ ਕਿ ਏਦਾਂ ਹੋ ਨਹੀਂ ਸਕਦਾ। ਹਕੀਕਤ ਦਾ ਅਹਿਸਾਸ ਬਹੁਤ ਸਾਰੇ ਲੋਕਾਂ ਨੂੰ ਮੋਗਾ ਦੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦੀ ਰੈਲੀ ਵਾਲੇ ਹਾਲਾਤ ਤੋਂ ਹੋਣ ਲੱਗਾ ਹੈ, ਜਿਸ ਪਿੱਛੋਂ ਸੁਖਬੀਰ ਸਿੰਘ ਬਾਦਲ ਨੂੰ ਆਪਣੇ ਕੁਝ ਅਗਲੇ ਰੱਖੇ ਹੋਏ ਪ੍ਰੋਗਰਾਮ ਰੱਦ ਕਰਨੇ ਅਤੇ ਤਿੰਨ ਮੈਂਬਰੀ ਕਮੇਟੀ ਬਣਾ ਕੇ ਕਿਸਾਨ ਆਗੂਆਂ ਦੇ ਨਾਲ ਗੱਲਬਾਤ ਦੀ ਪੇਸ਼ਕਸ਼ ਕਰਨੀ ਪਈ ਹੈ। ਇਸ ਤੋਂ ਪਹਿਲਾਂ ਉਹ ਲਗਾਤਾਰ ਹਵਾ ਵਿੱਚ ਤਲਵਾਰਾਂ ਮਾਰਦੇ ਅਤੇ ਇਹੋ ਕਹਿੰਦੇ ਸਨ ਕਿ ਬਾਕੀ ਪਾਰਟੀਆਂ ਨੂੰ ਡਰ ਹੋਵੇਗਾ, ਅਕਾਲੀ ਦਲ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਉਹ ਅਗਲੀ ਗੱਲ ਇਹ ਵੀ ਕਹਿੰਦੇ ਸਨ ਕਿ ਅਕਾਲੀ ਦਲ ਮੁੱਢਾਂ ਤੋਂ ਕਿਸਾਨਾਂ ਦਾ ਸਹਿਯੋਗੀ ਰਿਹਾ ਹੈ, ਇਸ ਲਈ ਕਿਸਾਨ ਇਸ ਦਾ ਵਿਰੋਧ ਨਹੀਂ ਕਰਦੇ, ਉਨ੍ਹਾਂ ਦਾ ਨਾਂਅ ਵਰਤ ਕੇ ਕੁਝ ਸਿਆਸੀ ਪਾਰਟੀਆਂ ਇਸ ਵਿਰੋਧ ਦਾ ਡਰਾਮਾ ਕਰਾਉਂਦੀਆਂ ਹਨ।

ਜਦੋਂ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਇਹ ਕਹਿੰਦਾ ਸੀ ਕਿ ਅਕਾਲੀ ਦਲ ਮੁੱਢਾਂ ਤੋਂ ਕਿਸਾਨਾਂ ਦੀ ਹਿਤੈਸ਼ੀ ਧਿਰ ਰਹੀ ਹੈ, ਉਸ ਨੂੰ ਇਹ ਗੱਲ ਯਾਦ ਨਹੀਂ ਸੀ ਕਿ ਉਸ ਦੇ ਪਿਤਾ ਜੀ ਨੇ ਕਦੀ ਕਿਸਾਨਾਂ ਦੀ ਜ਼ਮੀਨ ਖੋਹਣ ਦੇ ਕਾਨੂੰਨਾਂ ਦੀ ਉਸ ਤਰ੍ਹਾਂ ਹਾਮੀ ਨਹੀਂ ਸੀ ਭਰਨੀ, ਜਿਵੇਂ ਸੁਖਬੀਰ ਸਿੰਘ ਤੇ ਉਸ ਦੀ ਪਤਨੀ ਦਿੱਲੀ ਵਿੱਚ ਭਰ ਚੁੱਕੇ ਸਨ। ਪੰਜਾਬ ਦੇ ਕਿਸਾਨਾਂ ਵਿੱਚ ਇਸ ਕਦਮ ਦੀ ਚਰਚਾ ਕਿਸੇ ਹੋਰ ਨੇ ਨਹੀਂ ਸੀ ਕਰਵਾਈ, ਖੁਦ ਸੁਖਬੀਰ ਸਿੰਘ ਨੇ ਪਿਛਲੇ ਸਾਲ ਪੰਜਾਬ ਦੀ ਸਰਬ ਪਾਰਟੀ ਮੀਟਿੰਗ ਦੌਰਾਨ ਨਰਿੰਦਰ ਮੋਦੀ ਸਰਕਾਰ ਦੇ ਬਿੱਲਾਂ ਦੀ ਹਮਾਇਤ ਵਿੱਚ ਇਹ ਸ਼ਬਦ ਕਹਿ ਕੇ ਕਰਵਾ ਲਈ ਸੀ ਕਿ ਐਵੇਂ ਕਿਸਾਨਾਂ ਨੂੰ ਗੁੰਮਰਾਹ ਨਾ ਕਰੋ, ਕੇਂਦਰ ਦੇ ਖੇਤੀ ਬਿੱਲ ਕਿਸਾਨਾਂ ਦਾ ਭਲਾ ਕਰਨ ਵਾਲੇ ਹਨ। ਅੱਜ ਜਦੋਂ ਅਕਾਲੀ ਦਲ ਕਹਿੰਦਾ ਹੈ ਕਿ ਉਹ ਮੁੱਢ ਤੋਂ ਇਨ੍ਹਾਂ ਬਿੱਲਾਂ ਦੇ ਖਿਲਾਫ ਸੀ ਤਾਂ ਭੁੱਲ ਜਾਂਦਾ ਹੈ ਕਿ ਕੇਂਦਰੀ ਸਰਕਾਰ ਛੱਡਣ ਪਿੱਛੋਂ ਵੀ ਤਲਵੰਡੀ ਸਾਬੋ ਦੀ ਅਕਾਲੀ ਰੈਲੀ ਵਿੱਚ ਬੀਬੀ ਹਰਸਿਮਰਤ ਕੌਰ ਨੇ ਕਿਹਾ ਸੀ ਕਿ ਤੁਹਾਡੇ ਇਤਰਾਜ਼ ਕਾਰਨ ਮੈਂ ਕੇਂਦਰੀ ਮੰਤਰੀ ਦੀ ਕੁਰਸੀ ਛੱਡੀ ਹੈ, ਉਂਜ ਮੈਂ ਅੱਜ ਵੀ ਇਹ ਬਿੱਲ ਤੁਹਾਡੇ ਭਲੇ ਵਾਲੇ ਸਮਝਦੀ ਹਾਂ। ਇਨ੍ਹਾਂ ਗੱਲਾਂ ਦੇ ਕਾਰਨ ਇਸ ਪਾਰਟੀ ਦੀ ਵੱਡੇ ਬਾਦਲ ਵਾਲੇ ਦੌਰ ਨਾਲ ਕੋਈ ਤੁਲਨਾ ਕੀਤੀ ਕਿਸਾਨਾਂ ਨੂੰ ਹਜ਼ਮ ਨਹੀਂ ਹੋ ਰਹੀ।

ਭਾਰਤ ਸਰਕਾਰ ਦੇ ਤਿੰਨ ਵਿਵਾਦ ਵਾਲੇ ਬਿੱਲਾਂ ਦਾ ਜਦੋਂ ਕਿਸਾਨਾਂ ਨੇ ਵਿਰੋਧ ਸ਼ੁਰੂ ਕੀਤਾ ਸੀ, ਇਹ ਵਿਰੋਧ ਪੂਰੀ ਤਰ੍ਹਾਂ ਜਾਇਜ਼ ਮੰਨਦੇ ਹੋਏ ਵੀ ਅਸੀਂ ਓਦੋਂ ਤੋਂ ਕਹਿੰਦੇ ਰਹੇ ਸਾਂ ਕਿ ਵਿਰੋਧ ਦੇ ਬਾਕੀ ਸਭ ਤਰੀਕੇ ਜਾਇਜ਼ ਹਨ, ਕਿਸੇ ਦੇ ਗਲ਼ ਪੈਣਾ ਜਾਂ ਘੇਰਾਓ ਕਰਨ ਦੇ ਨਾਂਅ ਉੱਤੇ ਭੰਨ-ਤੋੜ ਕਰ ਦੇਣੀ ਠੀਕ ਨਹੀਂ ਹੁੰਦੀ। ਜਿਹੜੇ ਲੋਕ ਵਿਰੋਧ ਦੇ ਨਾਂਅ ਉੱਤੇ ਏਹੋ ਜਿਹੇ ਵਿਹਾਰ ਨੂੰ ਮਾੜਾ ਨਹੀਂ ਸੀ ਮੰਨਦੇ, ਉਹ ਭੁੱਲ ਜਾਂਦੇ ਸਨ ਕਿ ਖੁਦ ਉਨ੍ਹਾਂ ਦੇ ਵਿਰੋਧ ਤੱਕ ਵੀ ਗੱਲ ਆ ਸਕਦੀ ਹੈ। ਫਿਰ ਇਹ ਹੋਣ ਲੱਗ ਪਿਆ। ਕਿਸਾਨਾਂ ਨੇ ਕਈ ਥਾਂਈਂ ਭਾਜਪਾ ਤੋਂ ਬਾਅਦ ਅਕਾਲੀ ਆਗੂ, ਫਿਰ ਕਾਂਗਰਸ ਵਾਲੇ ਅਤੇ ਅੰਤ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਵੀ ਘੇਰ ਕੇ ਬੇਇੱਜ਼ਤ ਕੀਤੇ। ਅੱਜਕੱਲ੍ਹ ਉਹ ਕਿਸੇ ਵੀ ਧਿਰ ਦਾ ਕੋਈ ਆਗੂ ਕਿਤੇ ਜਾਂਦਾ ਸੁਣ ਲੈਣ ਤਾਂ ਘਿਰਾਓ ਕਰਨ ਲਈ ਉੱਠ ਤੁਰਦੇ ਹਨ ਤੇ ਕੁਝ ਥਾਂਈਂ ਉਹ ਜਿਸ ਦੇ ਘਰ ਗਏ ਹੋਏ ਸਨ, ਉਸ ਪਰਵਾਰ ਨੂੰ ਵੀ ਅਵਾਜ਼ਾਰ ਹੋਣਾ ਪਿਆ ਹੈ। ਇਸ ਵਿਹਾਰ ਦੇ ਅੱਗੋਂ ਹੋਰ ਵਧਣ ਦੇ ਸੰਕੇਤਾਂ ਨਾਲ ਅਗਲੇ ਦਿਨਾਂ ਵਿੱਚ ਹੋਣ ਵਾਲੀ ਵਿਧਾਨ ਸਭਾ ਚੋਣ ਦਾ ਚੇਤਾ ਵੀ ਰੱਖਣਾ ਪੈਣਾ ਹੈ। ਮਸਾਂ ਛੇ ਮਹੀਨਿਆਂ ਨੂੰ ਚੋਣਾਂ ਹੋਣੀਆਂ ਹਨ ਅਤੇ ਹਰ ਕਿਸੇ ਦਾ ਘਿਰਾਓ ਕਰਨ ਦਾ ਜਿਹੜਾ ਰੁਖ ਚੱਲਦਾ ਪਿਆ ਹੈ, ਇਹੋ ਚੱਲਦਾ ਰਿਹਾ ਤਾਂ ਕਾਗਜ਼ ਪੇਸ਼ ਕਰਨ ਜਾਂਦੇ ਉਮੀਦਵਾਰਾਂ ਨੂੰ ਵੀ ਘੇਰਨ ਦਾ ਕੰਮ ਸ਼ੁਰੂ ਹੋ ਸਕਦਾ ਹੈ। ਪੰਜਾਬ ਦੀਆਂ ਪਾਰਟੀਆਂ ਦੇ ਆਗੂ ਭਾਵੇਂ ਇਸ ਬਾਰੇ ਕੁਝ ਨਾ ਸੋਚਣ, ਜਿਹੜੀ ਧਿਰ ਇਸ ਦੇਸ਼ ਉੱਤੇ ਰਾਜ ਕਰਦੀ ਹੈ, ਉਹ ਉਸ ਵਕਤ ਦੀ ਉਡੀਕ ਵਿੱਚ ਹੈ, ਜਦੋਂ ਕਿਸਾਨ ਚੋਣਾਂ ਵੇਲੇ ਉਮੀਦਵਾਰਾਂ ਤੇ ਉਨ੍ਹਾਂ ਦੇ ਲਈ ਚੋਣ ਪ੍ਰਚਾਰ ਕਰਨ ਗਏ ਲੀਡਰਾਂ ਦਾ ਘਿਰਾਓ ਕਰਨ ਲਈ ਜਾਣਗੇ। ਉਸ ਵਕਤ ਕੇਂਦਰ ਦਾ ਚੋਣ ਕਮਿਸ਼ਨ ਹੇਠੋਂ ਰਿਟਰਨਿੰਗ ਅਫਸਰਾਂ ਤੋਂ ਰਿਪੋਰਟ ਮੰਗੇ ਜਾਂ ਕੇਂਦਰ ਦਾ ਗ੍ਰਹਿ ਮੰਤਰੀ ਪੰਜਾਬ ਦੇ ਨਵੇਂ ਗਵਰਨਰ ਤੋਂ ਪੰਜਾਬ ਦੇ ਅਮਨ-ਕਾਨੂੰਨ ਬਾਰੇ ਰਿਪੋਰਟ ਮੰਗੇ, ਦੋਵਾਂ ਪਾਸਿਆਂ ਤੋਂ ਉਨ੍ਹਾਂ ਦੀ ਮਨ ਦੀ ਮੁਰਾਦ ਪੂਰੀ ਕਰਨ ਵਾਲੀ ਇਹੋ ਰਿਪੋਰਟ ਜਾਵੇਗੀ ਕਿ ਇਹੋ ਜਿਹੇ ਹਾਲਾਤ ਵਿੱਚ ਚੋਣ ਕਰਾਉਣਾ ਸੰਭਵ ਨਹੀਂ। ਇਸ ਪਿੱਛੋਂ ਉਹੋ ਕੁਝ ਹੋਵੇਗਾ, ਜਿਸ ਦਾ ਜ਼ਿਕਰ ਅੱਜ ਕੋਈ ਵੀ ਨਹੀਂ ਕਰਨਾ ਚਾਹੁੰਦਾ ਤੇ ਪੰਜਾਬ ਇੱਕ ਵਾਰ ਫਿਰ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਦੀ ਥਾਂ ਕੇਂਦਰੀ ਸਰਕਾਰ ਦੇ ਸ਼ਿਕੰਜੇ ਵਿੱਚ ਜਾਵੇਗਾ ਅਤੇ ਗਵਰਨਰ ਨੂੰ ਅੱਗੇ ਲਾ ਕੇ ਭਾਜਪਾ ਦਾ ਸਿੱਕਾ ਇਸ ਰਾਜ ਵਿੱਚ ਚੱਲੇਗਾ।

ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਜਦੋਂ ਅੱਗੇ ਗਵਰਨਰੀ ਰਾਜ ਹੁੰਦਾ ਸੀ, ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਹੋਣ ਕਰ ਕੇ ਜ਼ਿਲਿਆਂ ਦੇ ਸਾਰੇ ਸਿਵਲ ਤੇ ਪੁਲਸ ਅਫਸਰ ਕਾਂਗਰਸ ਦੇ ਜ਼ਿਲਾ ਪ੍ਰਧਾਨ ਦੇ ਹੁਕਮ ਮੁਤਾਬਕ ਚੱਲਦੇ ਹੁੰਦੇ ਸਨ ਤੇ ਜਿਹੜਾ ਉਨ੍ਹਾਂ ਦਾ ਕਿਹਾ ਨਹੀਂ ਸੀ ਮੰਨਦਾ, ਸ਼ਾਮ ਤੱਕ ਬਦਲ ਦਿੱਤਾ ਜਾਂਦਾ ਸੀ। ਭਾਜਪਾ ਦੀ ਜੜ੍ਹ ਪੰਜਾਬ ਵਿੱਚ ਏਦਾਂ ਦੀ ਨਹੀਂ ਕਿ ਉਹ ਅਗਲੇ ਸਾਲਾਂ ਵਿੱਚ ਏਨੀ ਤੇਜ਼ੀ ਨਾਲ ਫੈਲ ਸਕੇ ਕਿ ਇਸ ਰਾਜ ਦੇ ਲੋਕ ਵੋਟਾਂ ਪਾ ਕੇ ਉਸ ਦੇ ਆਗੂਆਂ ਨੂੰ ਸਰਕਾਰ ਬਣਾਉਣ ਦਾ ਹੱਕ ਦੇ ਦੇਣ। ਅਜੇ ਤੱਕ ਉਸ ਨਾਲ ਪੰਜਾਬ ਵਿੱਚੋਂ ਜਿੰਨੇ ਕੁ ਸਿੱਖ ਆਗੂ ਜੁੜੇ ਹਨ, ਉਨ੍ਹਾਂ ਵਿੱਚੋਂ ਬਹੁਤੇ ਏਦਾਂ ਦੇ ਹਨ ਕਿ ਉਨ੍ਹਾਂ ਨੂੰ ਲੋਕਾਂ ਨੇ ਛੇਤੀ ਕੀਤੇ ਆਗੂ ਨਹੀਂ ਮੰਨਣਾ, ਪਰ ਜਦੋਂ ਗਵਰਨਰੀ ਰਾਜ ਲਾਗੂ ਹੋ ਜਾਵੇਗਾ ਤਾਂ ਉਨ੍ਹਾਂ ਹੀ ਅਣਗੌਲੇ ਕਰਨ ਜੋਗੇ ਭਾਜਪਾ ਆਗੂਆਂ ਦੇ ਵਿਹੜੇ ਤੇ ਡਰਾਇੰਗ ਰੂਮ ਵਿੱਚ ਦਰਬਾਰ ਲੱਗਿਆ ਕਰਨਗੇ ਅਤੇ ਨਤੀਜੇ ਵਜੋਂ ਅਗਲੀਆਂ ਚੋਣਾਂ ਤੱਕ ਉਹ ਲੋਕਾਂ ਵਿੱਚ ਇੱਕ ਵੱਡੀ ਧਿਰ ਖੜੀ ਕਰਨ ਦਾ ਯਤਨ ਕਰਨਗੇ। ਜੰਮੂ-ਕਸ਼ਮੀਰ ਵਿੱਚ ਪਿਛਲੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਇਹੋ ਕੁਝ ਹੁੰਦਾ ਪਿਆ ਹੈ। ਜਿਹੜੇ ਆਗੂ ਚੋਣਾਂ ਲੜਦੇ ਅਤੇ ਜਿੱਤਦੇ ਹੁੰਦੇ ਸਨ, ਉਹ ਘਰਾਂ ਵਿੱਚ ਘੇਰ ਕੇ ਬਿਠਾ ਕੇ ਅਣਗੌਲੇ ਕੀਤੇ ਜਾਣ ਪਿੱਛੋਂ ਉਹੋ ਜਿਹੇ ਆਗੂ ਲੋਕਾਂ ਵਿੱਚ ਸਰਕਾਰੀ ਦਫਤਰਾਂ ਦੇ ਕੰਮਾਂ ਦੇ ਬਹਾਨੇ ਪ੍ਰਵਾਨ ਕਰਵਾਏ ਜਾ ਰਹੇ ਹਨ, ਜਿਹੜੇ ਕਿਸੇ ਮੁਹੱਲੇ ਦੀ ਚੋਣ ਜਿੱਤਣ ਜੋਗੇ ਨਹੀਂ ਸੀ। ਪੰਜਾਬ ਵਿੱਚ ਵੀ ਏਦਾਂ ਦਾ ਤਜਰਬਾ ਦੁਹਰਾਇਆ ਜਾ ਸਕਦਾ ਹੈ ਅਤੇ ਇਹ ਤਜਰਬਾ ਅੰਦਰੋਂ ਖੋਖਲੀ ਕਾਂਗਰਸ ਪਾਰਟੀ ਦੇ ਸਮੇਂ ਲੱਗੇ ਗਵਰਨਰੀ ਰਾਜ ਦੇ ਤਜਰਬਿਆਂ ਵਰਗਾ ਨਹੀਂ ਹੋਣਾ, ਭਗਵੇਂਕਰਨ ਦੇ ਨਾਗਪੁਰੀ ਤਜਰਬੇ ਦੀ ਏਦਾਂ ਦੀ ਮਿਸਾਲ ਹੋਵੇਗਾ, ਜਿਸ ਵਿੱਚ ਆਮ ਲੋਕਾਂ ਤੋਂ ਪਹਿਲਾਂ ਅੱਧੇ ਤੋਂ ਵੱਧ ਸਿੱਖ ਸੰਤ ਉਨ੍ਹਾਂ ਦੀ ਜੀ-ਹਜ਼ੂਰੀ ਕਰਨ ਲਈ ਤੁਰ ਪੈਣਗੇ। ਜਿਨ੍ਹਾਂ ਸੰਤਾਂ ਨੂੰ ਕੁੰਭ ਦੇ ਮੇਲੇ ਵਿੱਚ ਆਰ ਐੱਸ ਐੱਸ ਆਗੂਆਂ ਦੇ ਨਾਲ ਤੁਰਦੇ ਵੇਖਿਆ ਜਾ ਚੁੱਕਾ ਹੈ, ਜਿਹੜੇ ਅਖੌਤੀ ਵਿਦਵਾਨ ਅਯੁੱਧਿਆ ਕੇਸ ਵਿੱਚ ਇੱਕ ਵਾਰ ਸਿੱਖ ਪੰਥ ਨੂੰ 'ਕਲਟ' ਕਹਿਣ ਦੀ ਗਵਾਹੀ ਦੇ ਚੁੱਕੇ ਹਨ ਤੇ ਕਾਨੂੰਨੀ ਚੁਣੌਤੀ ਦੇਣ ਦੇ ਐਲਾਨ ਕਰਨ ਦੇ ਬਾਵਜੂਦ ਕਿਸੇ ਸਿੱਖ ਸੰਸਥਾ ਨੇ ਉਨ੍ਹਾਂ ਨੂੰ ਅੱਜ ਤੱਕ ਚੁਣੌਤੀ ਨਹੀਂ ਦਿੱਤੀ, ਉਹ ਝੱਟ ਭਾਜਪਾ ਨਾਲ ਜਾ ਖੜੋਣਗੇ।

ਅਸੀਂ ਗਾਰੰਟੀ ਨਾਲ ਇਹ ਨਹੀਂ ਕਹਿ ਸਕਦੇ ਕਿ ਚੋਣਾਂ ਤੋਂ ਪਹਿਲਾਂ ਇਹ ਹੀ ਹੋਵੇਗਾ, ਪਰ ਘਟਨਾਵਾਂ ਜਿਸ ਵਹਿਣ ਵਿੱਚ ਵਗੀ ਜਾਂਦੀਆਂ ਹਨ, ਉਨ੍ਹਾਂ ਦਾ ਸਿੱਟਾ ਇਹ ਵੀ ਨਿਕਲ ਸਕਦਾ ਹੈ। ਰਾਜਨੀਤੀ ਕਿਸੇ ਮਿਥੇ ਨਕਸ਼ੇ ਦੀ ਮੁਥਾਜ ਨਹੀਂ ਹੁੰਦੀ, ਇਹ ਕਿਸੇ ਪਾਸੇ ਜਾਂਦੀ ਦਿੱਸਦੀ ਤੇ ਕਿਸੇ ਹੋਰ ਥਾਂ ਨਿਕਲ ਜਾਂਦੀ ਹੈ, ਪਰ ਅੱਜ ਦੀ ਘੜੀ ਜਿਸ ਕਿਸਮ ਦੇ ਹਾਲਤ ਹਨ, ਉਹ ਕੂਕ-ਕੂਕ ਕਹਿ ਰਹੇ ਹਨ ਕਿ ਪੰਜਾਬ ਮੁੜ ਕੇ ਗਵਰਨਰੀ ਰਾਜ ਵੱਲ ਵਧ ਰਿਹਾ ਹੈ।




## -ਕਵਿਤਾ-

### ਦਿੱਲੀ ਨੂੰ ਜਿੱਤ ਕੇ ਆਇਓ

ਥੋਨੂੰ ਸਹੁੰ ਹੈ ਊਧਮ ਸਿੰਘ ਦੀ,
ਹੁਣ ਨਾ ਵੋਟਾਂ ਲਈ ਵਿਕਿਓ।

ਥੋਡਾ ਧਰਮ ਹੀ ਕਿਰਸਾਨੀ ਹੈ,
ਤੁਸੀਂ ਕਿਧਰੇ ਨਾ ਹੁਣ ਝੁਕਿਓ।

ਵੋਟਾਂ ਲਈ ਲੋਟੂ ਲਾਣਾ,
ਹੁਣ ਨਿੱਤ ਹੀ ਗੇੜੇ ਲਾਊ।

ਤੁਸੀਂ ਯਾਦ ਭਗਤ ਸਿੰਘ ਰੱਖਿਓ,
ਥੋਡੀ ਸੁੱਤੀ ਜ਼ਮੀਰ ਜਗਾਊ।

ਸੁਣਿਓ ਵੇ ਅਣਖਾਂ ਵਾਲਿਓ,
ਝੰਡੇ ਨੂੰ ਲਾਜ਼ ਨਾ ਲਾਇਓ।

ਤੁਸੀਂ ਨਾਲ ਕਿਸਾਨਾਂ ਖੜ੍ਹ ਕੇ,
ਦਿੱਲੀ ਨੂੰ ਜਿੱਤ ਕੇ ਆਇਓ।

ਜਦੋਂ ਜਿੱਤ ਦਿੱਲੀ ਤੇ ਹੋਈ,
ਉਦੋਂ ਮਾਣ ਨਾਲ ਤੁਸੀ ਆਉਣਾ।

ਇਸਦਾ ਇਤਹਾਸ ਹੈ ਬਣਨਾ,
ਥੋਡੇ ਨਾਵਾਂ ਨੇ ਜਗਮਗਾਉਣਾ।

ਰਾਜਨਦੀਪ ਕੌਰ ਮਾਨ
6239326166

# ਕਦੋਂ ਤੇ ਕੌਣ ਰੋਕੇਗਾ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿੱਚ ਰੁੜ੍ਹਦੀ ਜਾਂਦੀ ਤੇ ਵਿਦੇਸ਼ਾਂ ਵੱਲ ਭੱਜਦੀ ਜਾ ਰਹੀ ਨੂੰ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

ਕਦੇ ਨਹੀਂ ਸੁਣਿਆ ਕਿ ਫਲਾਣੇ ਸੂਬੇ ਵਿੱਚ ਹੈਰੋਇਨ, ਸਮੈਕ, ਚਰਸ, ਗਾਂਜਾ, ਭੁੱਕੀ ਅਫ਼ੀਮ ਜਾ ਹੋਰ ਸਿੰਥੈਟਿਕ ਨਸ਼ੇ ਫੜੇ ਗਏ ਹੋਣ .ਇਹ ਸਾਰੇ ਪੰਜਾਬ ਵਿੱਚ ਹੀ ਕਿਉਂ ਫੜੇ ਜਾ ਰਹੇ ਹਨ ਉਹ ਵੀ ਕੁਇਟਲਾਂ ਦੇ ਹਿਸਾਬ ਨਾਲ .ਇਹ ਤਾਂ ਉਹ ਅੰਕੜੇ ਹਨ ਜੋ ਜਿਹੜੇ ਫੜੇ ਜਾਂਦੇ ਨੇ .ਬਾਕੀ ਜਿਹੜੇ ਨਹੀਂ ਫੜੇ ਜਾਂਦੇ ਉਹ ਕਿੰਨੇ ਹੋਣਗੇ ਉਹਨਾਂ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ . ਉਹ ਵੀ ਵੇਲਾ ਹੁੰਦਾ ਸੀ ਜਦੋ ਪੰਜਾਬੀਆਂ ਨੂੰ ਸ਼ੇਰ ਕਿਹਾ ਜਾਂਦਾ ਸੀ .ਗੱਲ ਵੀ ਬਿਲਕੁਲ ਸੱਚ ਸੀ ਕਿ ਪੰਜਾਬੀਆਂ ਨੇ ਅਨੇਕਾਂ ਸ਼ੇਰਾਂ ਨੂੰ ਜੁਬਾੜ੍ਹਿਆ ਤੋਂ ਫੜ੍ਹ ਕੇ ਵੀ ਮਾਰਿਆ ਹੋਇਆ ਹੈ । ਇਤਿਹਾਸ ਵੀ ਇਸ ਗੱਲ ਦੀ ਗਵਾਹੀ ਅੱਜ ਵੀ ਭਰਦਾ ਹੈ ਕਿ ਭਾਈ ਬਚਿੱਤਰ ਸਿੰਘ ਜੀ ਵਰਗੇ ਹਾਥੀਆਂ ਨਾਲ ਵੀ ਟੱਕਰ ਲੈਂਦੇ ਰਹੇ .ਇਹ ਗੱਲ ਜੋਸ਼ ਤੇ ਜਵਾਨੀ ਦੀ ਹੈ। ਹਰੀ ਸਿੰਘ ਨਲੂਏ ਨੇ ਅਫਗਿਸ੍ਤਾਨ ਦੀਆਂ ਚੂਲਾਂ ਹਿਲਾ ਕੇ ਰੱਖ ਦਿਤੀਆਂ ਸਨ .ਸਾਡੇ ਬਹਾਦਰ ਯੋਧਿਆਂ ਨੇ .ਤਲਵਾਰਾਂ ਦੇ ਮੂੰਹ ਖੁੰਢੇ ਕਰ ਦਿੱਤੇ ਸਨ . ਪਰ ਪੰਜਾਬੀਆਂ ਨੇ ਕਦੇ ਹਾਰ ਨਹੀਂ ਮੰਨੀ ਪਰ ਅੱਜ ਉਹੀ ਜਵਾਨ ਸਰਿੰਜਾਂ ਦੀਆਂ ਸੂਈਆਂ ਨੇ ਮੁਧੜ੍ਹੇ ਮੂੰਹ ਸੁੱਟ ਦਿਤੇ ਹਨ .ਨਸ਼ਾ ਜਵਾਨੀ ਤੇ ਭਾਰੂ ਹੋ ਗਿਆ ਹੈ .ਜਿਹੜਾ ਵੀ ਗਭਰੂ ਥੋੜ੍ਹਾ ਜਿਹਾ ਕੁੱਝ ਕਰਨ ਵਾਸਤੇ ਅਗੇ ਆਉਂਦਾ ਹੈ .ਬਸ ਉਹੀ ਨਸ਼ੇ ਦਾ ਆਦੀ ਹੋ ਕਿ ਇਕ ਦਿਨ ਖਬਰ ਬਣ ਜਾਂਦਾ ਹੈ .ਜਿਹੜੇ ਨਸ਼ੇ ਤੋਂ ਬਚ ਗਏ ਹਨ ਉਹ ਲੱਖਾਂ ਰੁਪਏ ਖਰਚ ਕੇ ਵਿਦੇਸ਼ਾਂ ਵਿੱਚ ਜਾ ਰਹੇ ਹਨ। ਕਈ ਤਾਂ ਇੰਨੇ ਕੁ ਉਤਾਵਲੇ ਹੋ ਗਏ ਹਨ ਕਿ ਕਨੈਡਾ ਦੀ ਸਿੱਧੀ ਫਲੈਟ ਬੰਦ ਹੋਣ ਤੇ ਵੀ ਹੋਰਨਾਂ ਦੇਸ਼ਾਂ ਰਾਹੀਂ ਕਈ ਗੁਣਾਂ ਵੱਧ ਪੈਸੇ ਖਰਚ ਕੇ ਜਾ ਰਹੇ ਹਨ .ਇਹ ਗੱਲ ਦਾ ਕਿਸ ਨੂੰ ਨਹੀਂ ਪਤਾ ?ਸਭ ਕੁਝ ਪਤਾ ਹੁੰਦਿਆਂ ਹੋਇਆ ਵੀ ਇਸ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ .ਪਾਰਟੀਆਂ ਆਪਣੇ ਚੋਣ ਮੈਨੀਫੈਸਟੋ ਵਿੱਚ ਕਦੇ ਵੀ ਇਸ ਤ੍ਰਾਸਦੀ ਦਾ ਜਿਕਰ ਨਹੀਂ ਕਰਦੀਆਂ ਪਰ ਇਨ੍ਹਾਂ ਪਾਰਟੀਆਂ ਕੋਲ ਨੌਜਵਾਨੀ ਨੂੰ ਪ੍ਰੇਰਿਤ ਕਰਕੇ ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਬਿਹਤਰੀ 'ਚ ਲਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਸਾਰੇ ਹਾਕਮ ਜਮਾਤੀ ਧੜੇ ਲੋਕ ਵਿਰੋਧੀ ਆਰਥਕ ਮਾਡਲ ਨੂੰ ਲਾਗੂ ਕਰਨ ਲਈ ਇਕਮੱਤ ਹਨ . ਇਨ੍ਹਾਂ ਸਭ ਦੀਆਂ ਨੀਤੀਆਂ ਇਸੇ ਮਾਡਲ ਉਪਰ ਆਧਾਰਿਤ ਹਨ। ਇਸ ਮਾਡਲ ਨੂੰ ਮੁਕੰਮਲ ਰੂਪ 'ਚ ਰੱਦ ਕੀਤੇ ਬਗੈਰ ਖੇਤੀ ਸੰਕਟ, ਬੇਰੁਜ਼ਗਾਰੀ, ਛੋਟੇ ਕਾਰੋਬਾਰਾਂ ਦੀ ਸਲਾਮਤੀ, ਸਰਕਾਰੀ ਹਸਪਤਾਲਾਂ 'ਚ ਮੁਫਤ ਇਲਾਜ ਤੇ ਮੁਫਤ ਪੜ੍ਹਾਈ ਅਤੇ ਕੁਦਰਤ ਹਿਤੈਸ਼ੀ ਆਰਥਕ ਮਾਡਲ ਵਰਗੇ ਸਭ ਤੋਂ ਮਹੱਤਵਪੂਰਨ ਮੁੱਦੇ ਸਟੇਟ ਦੀਆਂ ਨੀਤੀਆਂ ਦਾ ਆਧਾਰ ਕਦੇ ਵੀ ਨਹੀਂ ਬਣਾਏ ਜਾਣਗੇ। ਦੋ ਰੁਪਏ ਕਿਲੋ ਕਣਕ ਦੇ ਕੇ ਲੋਕਾਂ ਭਰਮਾਇਆ ਹੋਇਆ ਹੈ .ਬਾਕੀ ਸਾਰੇ ਮੁੱਦਿਆਂ ਤੇ ਪਰਦਾ ਹੀ ਪਾਇਆ ਹੋਇਆ ਹੈ .ਲੋਕ ਵੀ ਭੁਲੱਕੜ ਹਨ ਸਭ ਕੁਝ ਪਤਾ ਹੋਣ ਦੇ ਬਾਵਜੂਦ ਵੀ ਇਕ ਸ਼ਰਾਬ ਦੀ ਬੋਤਲ ਤੇ ਵਿੱਕ ਜਾਂਦੇ ਹਨ .ਵੋਟ ਦਾ ਸਹੀ ਇਸਤੇਮਾਲ ਨਹੀਂ ਕਰਦੇ .ਜਿਸ ਦਾ ਖਮਿਆਜ਼ਾ ਜਵਾਨੀ ਨੂੰ ਭੁਗਤਣਾ ਪੈ ਰਿਹਾ ਹੈ। ਲਗਦਾ ਨਹੀਂ ਕਿ ਕੋਈ ਇਹੋ ਜਿਹਾ ਸਮਾਂ ਆਵੇਂਗਾ ਕਿ ਸਾਡੀ ਜਵਾਨੀ ਨੂੰ ਨਸ਼ਾ ਰਹਿਤ ਬਣਾਇਆ ਜਾਵੇਗਾ .ਬਾਹਰ ਭੱਜ ਰਹੀ ਜਵਾਨੀ ਨੂੰ ਕੋਈ ਠੱਲ ਪਵੇਗੀ। ਇਹ ਸਾਡੇ ਪੰਜਾਬ ਦੀ ਬਦਕਿਸਮਤੀ ਹੈ .ਸਿਵਿਆ ਦੇ ਵਿੱਚ ਨਿਕਲ ਰਹੇ ਧੂੰਏ ਬੰਦ ਹੋ ਜਾਣਗੇ .ਬਜ਼ੁਰਗਾਂ ਨੂੰ ਆਪਣੇ ਇਕਲੌਤੇ ਪੁੱਤਰ ਦੀ ਲਾਸ਼ ਚੁੱਕਣ ਲਈ ਮਜ਼ਬੂਰ ਨਾ ਹੋਣਾ ਪਏਗਾ .ਪਰ ਹੋਣਾ ਕੁੱਝ ਵੀ ਨਹੀਂ ਇਹ ਵੀ ਇਕ ਸੁਪਨਾ ਹੀ ਬਣ ਕੇ ਰਹਿ ਜਾਵੇਗਾ ।

# ਖੁਰਾਸਾਨ ਖਸਮਾਨਾ ਕੀਆ...

-ਪ੍ਰੋਫੈਸਰ ਮੋਹਣ ਸਿੰਘ

ਸਾਰੇ ਸਰਕਾਰੀ ਕੁਆਰਟਰ ਨਾਲ-ਨਾਲ ਜੁੜੇ ਹੋਏ ਸਨ ਅਤੇ ਹਰ ਘਰ ਦੇ ਬਾਹਰ ਮੁਲਾਜ਼ਮਾਂ ਨੇ ਆਪੋ-ਆਪਣਾ ਬੰਕਰ ਬਣਾਇਆ ਹੋਇਆ ਸੀ। ਬੰਕਰ ਕਾਹਦਾ, ਇਕ ਛੇ-ਸੱਤ ਫੁੱਟ ਲੰਬਾ, ਚਾਰ ਕੁ ਫੁੱਟ ਚੌੜਾ ਅਤੇ ਏਨਾ ਕੁ ਡੂੰਘਾ ਟੋਆ ਕੱਢ ਕੇ ਉੱਤੇ ਕਾਨਿਆਂ ਦੀ ਕੱਚੀ ਛੱਤ ਬਣਾਈ ਹੁੰਦੀ ਸੀ। ਅੰਦਰ ਮੱਛਰਾਂ ਦੀ ਭਰਮਾਰ ਹੁੰਦੀ ਅਤੇ ਜਦੋਂ ਹੂਟਰ ਵੱਜਣਾ ਤਾਂ ਸਾਰੇ ਪਰਵਾਰ ਨੇ ਚੂਹਿਆਂ ਦੇ ਰੁੱਡਾਂ ਵਿਚ ਵੜਨ ਵਾਂਗ ਬੰਕਰਾਂ ਵਿਚ ਲੁਕ ਜਾਣਾ ਅਤੇ ਨਿਕਲਣਾ ਉਦੋਂ ਜਦੋਂ ਫਿਰ ਆਲ ਕਲੀਅਰ ਦਾ ਹੂਟਰ ਵੱਜਦਾ ਸੀ। ਇਹ ਗੱਲ 1942 ਦੇ ਬਰਮਾ ਦੀ ਹੈ।

ਜਦੋਂ ਜਾਪਾਨ ਨੇ ਬੰਬਾਰੀ ਦਾ ਸੰਕੇਤ ਦਿੱਤਾ ਤਾਂ ਅੰਗਰੇਜ਼ ਸਰਕਾਰ ਨੇ ਹਵਾਈ ਜਹਾਜ਼ ਰਾਹੀਂ ਓਥੇ ਉਚਾਈ ਤੋਂ ਇਸ਼ਤਿਹਾਰ ਸੁੱਟੇ ਸਨ, ਜਿਨ੍ਹਾਂ ਦੀ ਇਬਾਰਤ ਸੀ ਕਿ ਸ਼ਹਿਰ (ਰੰਗੂਨ, ਮਾਂਡਲੇ ਆਦਿ) ਖਾਲੀ ਕਰ ਦਿਉ, ਅਸੀਂ ਰਾਤੋ-ਰਾਤ ਆਪਣੇ ਦੇਸ਼ ਵੱਲ ਢਾਈ ਮਹੀਨੇ ਦੀ ਪੈਦਲ ਯਾਤਰਾ ਉੱਤੇ ਨਿਕਲ ਤੁਰੇ। ਉਦੋਂ ਆਸਾਮ ਇੱਕੋ-ਇੱਕ ਪ੍ਰਾਂਤ ਹੁੰਦਾ ਸੀ ਤੇ ਸੜਕਾਂ-ਰੇਲਾਂ ਬਿਲਕੁਲ ਨਹੀਂ ਸਨ। ਬਰਮਾ ਤੋਂ ਪੈਦਲ ਹਿਜਰਤ ਕਰ ਕੇ ਪੰਜਾਬ ਅੱਪੜੇ ਸ਼ਰਨਾਰਥੀਆਂ ਦੇ ਦੁੱਖੜੇ ਸੰਨ 1947 ਦੀ ਪੰਜਾਬ ਵੰਡ ਵਿੱਚੋਂ ਨਿਕਲੀਆਂ ਮੁਸੀਬਤਾਂ ਵਿਚ ਡੁੱਬ ਕੇ ਰਹਿ ਗਏ। ਖੈਰ...।

ਮੇਰੀ ਪਤਨੀ ਦੀ ਵੱਡੀ ਭੈਣ ਨੇ 1950 ਵਿਚ ਬੀ ਟੀ ਕਰ ਲਈ ਤੇ ਉਨ੍ਹਾਂ ਪਤੀ-ਪਤਨੀ ਨੂੰ ਈਰਾਨ ਦੀ ਰਾਜਧਾਨੀ ਤਹਿਰਾਨ ਵਿਚ ਨਵੇਂ-ਨਵੇਂ ਖੁੱਲ੍ਹੇ ਖਾਲਸਾ ਸਕੂਲ ਵਿਚ ਨੌਕਰੀ ਮਿਲ ਗਈ। ਕੁਝ ਦੇਰ ਬਾਅਦ ਸਰਦਾਰ ਹੁਰਾਂ ਨੂੰ ਈਰਾਨੀ ਏਅਰ ਫੋਰਸ ਦੇ ਇੰਗਲਿਸ਼ ਟੀਚਰ ਦੀ ਪੱਕੀ ਸਰਕਾਰੀ ਨੌਕਰੀ ਮਿਲ ਗਈ। ਕੰਮ ਸੀ ਈਰਾਨੀ-ਪਾਇਲਟਾਂ ਨੂੰ ਅੰਗਰੇਜ਼ੀ ਪੜ੍ਹਾਉਣਾ। ਤਰੱਕੀ ਕਰਦੇ-ਕਰਦੇ ਉਹ ਚੀਫ ਇਵੈਲਿਊਏਟਰ ਬਣ ਗਏ ਤੇ ਤਕਰੀਬਨ ਸਾਰੇ ਪਾਇਲਟ ਉਨ੍ਹਾਂ ਨੂੰ ਸਲਾਮ ਕਰਦੇ ਸਨ। ਇਹ ਉਹ ਸਮਾਂ ਸੀ, ਜਦੋਂ ਉਥੇ ਸ਼ਾਹ ਪਹਿਲਵੀ ਦਾ ਰਾਜ ਸੀ, ਜਿਸ ਨੇ ਕੁਝ ਸਾਲਾਂ ਵਿਚ ਤਹਿਰਾਨ ਨੂੰ ਪੂਰੀ ਤਰ੍ਹਾਂ ਯੂਰਪੀਅਨ ਦਿੱਖ ਦੇ ਦਿੱਤੀ ਸੀ। ਲੜਕੇ-ਲੜਕੀਆਂ ਦੇ ਕੱਪੜੇ, ਮਿਲਣ-ਗਿਲਣ ਪੱਛਮੀ ਦੇਸ਼ਾਂ ਵਰਗਾ ਹੋ ਰਿਹਾ ਸੀ। ਸਟੇਸ਼ਨਰੀ ਦੀ ਜਿਹੜੀ ਚੀਜ਼ ਕਿਤੋਂ ਨਾ ਮਿਲਦੀ ਹੋਵੇ, ਤਹਿਰਾਨ ਵਿਚ ਮਿਲਦੀ ਸੀ। ਮੈਨੂੰ ਮੇਰੇ ਭਾਅ ਜੀ ਹਰ ਸਾਲ ਨਵੇਂ ਤੋਂ ਨਵਾਂ ਜਰਮਨ ਪੈੱਨ ਲਿਆ ਕੇ ਦਿੰਦੇ ਸਨ। ਫਿਰ 1979 ਦੀ ਕ੍ਰਾਂਤੀ ਆਈ। ਸਭ ਕੁਝ ਰਾਤੋ-ਰਾਤ ਬਦਲ ਗਿਆ।

ਤਹਿਰਾਨ ਵਿਚੋਂ ਸਾਰੇ ਵਿਦੇਸ਼ੀ ਨਿਕਲ ਆਏ। ਸਰਦਾਰ ਹੁਰਾਂ ਦੀ ਸੁਰੱਖਿਆ ਦੀ ਸਾਰੇ ਪਾਇਲਟ ਹਾਮੀ ਭਰਦੇ ਸਨ। ਅੰਤ ਇਕ ਐਸਾ ਵੇਲਾ ਵੀ ਆਇਆ ਕਿ ਭਾਅ ਜੀ ਨੂੰ ਪੱਗ ਲਾਹ ਕੇ, ਵਾਲ ਕਟਵਾ ਕੇ, ਤਹਿਰਾਨ ਤੋਂ ਉਡਣ ਵਾਲੀ ਆਖਰੀ ਉਡਾਣ ਵਿਚ ਨਿਕਲ ਕੇ ਲੰਡਨ ਵਿਚ ਸ਼ਰਨ ਲੈਣੀ ਪਈ। ਅਜਿਹੀ ਸਥਿਤੀ ਵਾਕਈ ਬੇਹੱਦ ਕਰੁਣਾਮਈ ਹੁੰਦੀ ਹੈ, ਜਦੋਂ ਕਿਸੇ ਨੂੰ ਆਪਣੀ ਧਾਰਮਿਕ ਪਛਾਣ ਵੀ ਗੁਆਉਣੀ ਪਵੇ। ਇਹ ਵੱਖਰੀ ਗੱਲ ਹੈ ਕਿ ਕੋਈ ਪਗੜੀਧਾਰੀ, ਫਾਰਸੀ, ਅੰਗਰੇਜ਼ੀ, ਉਰਦੂ, ਪੰਜਾਬੀ ਦਾ ਗਿਆਤਾ ਅੰਗਰੇਜ਼ਾਂ ਦੇ ਕਈ ਕੰਮ ਸੁਆਰ ਸਕਦਾ ਸੀ। ਉਦੋਂ ਅੰਮ੍ਰਿਤਸਰ ਏਅਰਪੋਰਟ ਤੋਂ ਇੱਕੋ-ਇੱਕ ਅੰਤਰਰਾਸ਼ਟਰੀ ਉਡਾਣ ਕਾਬੁਲ ਤੱਕ ਸੀ। ਅਫਗਾਨ ਏਰੀਆਨਾ ਦਾ ਮਾਲਕ ਵੀ ਭਾਅ ਜੀ ਦਾ ਪੁਰਾਣਾ ਦੋਸਤ ਸੀ। ਕਾਬੁਲ ਤੋਂ ਤਹਿਰਾਨ ਤੱਕ ਜਾਣ ਦੇ ਸੜਕੀ ਜਾਂ ਹਵਾਈ ਸਾਧਨ ਹੋਇਆ ਕਰਦੇ ਸਨ। ਏਥੇ ਏਅਰਪੋਰਟ ਉੱਤੇ ਜਹਾਜ਼ ਵਿਚ ਚੜ੍ਹਾਉਣ ਵਾਲੇ ਜਹਾਜ਼ ਤੱਕ ਵੀ ਚਲੇ ਜਾਂਦੇ ਸਨ। ਕੋਈ ਖਾਸ ਚੈਕਿੰਗ ਜਾਂ ਰੋਕ-ਟੋਕ ਨਹੀਂ ਸੀ ਹੁੰਦੀ। ਅੱਜਕੱਲ੍ਹ ਹਵਾਈ ਅੱਡਿਆਂ ਉੱਤੇ ਸਕਿਓਰਿਟੀ ਐਨੀ ਵਧ ਹੈ ਕਿ ਚਿੜੀ ਵੀ ਫੜਕਣ ਨਹੀਂ ਦਿੱਤੀ ਜਾਂਦੀ। ਜਹਾਜ਼ ਤੱਕ ਪੁੱਜਣ ਲਈ ਸਕਿਓਰਿਟੀ ਦੇ ਕਈ ਪੜਾਵਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਯਾਦ ਆਉਂਦਾ ਹੈ ਕਿ ਈਰਾਨ ਦੀ ਧਾਰਮਿਕ ਜਾਂ ਕੱਟੜਪੰਥੀ ਕ੍ਰਾਂਤੀ ਵਿਚ ਕੋਈ ਜਾਨੀ ਨੁਕਸਾਨ ਨਹੀਂ ਸੀ ਹੋਇਆ। ਅੰਬੈਸੀਆਂ ਨੂੰ ਦੇਸ਼ ਛੱਡਣ ਲਈ ਕਾਫੀ ਸਮਾਂ ਮਿਲ ਗਿਆ ਸੀ। ਅੱਜ ਅਫਗਾਨਿਸਤਾਨ ਤੇ ਖਾਸ ਤੌਰ ਉੱਤੇ ਕਾਬੁਲ ਦੇ ਹਾਲਾਤ ਪੜ੍ਹ-ਸੁਣ ਕੇ ਦਹਿਸ਼ਤ ਦੇ ਨਵੇਂ ਰੂਪ ਵੇਖ ਕੇ ਮਨ ਕੰਬ ਉਠਦਾ ਹੈ ਕਿ ਸ਼ੁਕਰ ਹੈ ਕਿ ਅਸੀਂ ਉਥੇ ਨਹੀਂ ਹਾਂ। ਅਮਰੀਕਾ ਡੈਡਲਾਈਨ ਤੋਂ ਇਕ ਦਿਨ ਪਹਿਲਾਂ ਅੱਧੀ ਰਾਤ ਵੇਲੇ ਅਫਗਾਨਿਸਤਾਨ ਨੂੰ ਅਲਵਿਦਾ ਕਹਿ ਗਿਆ।

ਤਾਲਿਬਾਨ ਨੇ ਹੈਵਾਨ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਤੋਂ ਪਹਿਲਾਂ ਅਫਗਾਨਿਸਤਾਨ ਤੋਂ ਹਿਜਰਤ ਕਰਨ ਵਾਲਿਆਂ ਦੀ ਕਾਬੁਲ ਹਵਾਈ ਅੱਡੇ ਉੱਤੇ ਭੀੜ ਹਫੜਾ-ਦਫੜੀ ਵਿਚ ਜਹਾਜ਼ ਉੱਤੇ ਚੜ੍ਹਦੀ ਸਭ ਨੇ ਦੇਖੀ। ਦੋ ਨੌਜਵਾਨਾਂ ਨੂੰ ਅੰਦਰ ਜਗ੍ਹਾ ਨਾ ਮਿਲੀ ਤਾਂ ਉਹ ਜਹਾਜ਼ ਦੇ ਬਾਹਰੀ ਹਿੱਸੇ ਨੂੰ ਫੜ ਕੇ ਬੈਠ ਗਏ। ਜਹਾਜ਼ ਹਵਾ ਨਾਲ ਗੱਲਾਂ ਕਰਨ ਲੱਗਾ ਤਾਂ ਉਹ ਇੱਕ-ਇੱਕ ਕਰ ਕੇ ਧਰਤੀ ਉੱਤੇ ਡਿਗ ਪਏ। ਸ਼ੁਕਰ ਹੈ ਰੱਬ ਦਾ ਕਿ ਸਾਨੂੰ ਅਜਿਹੇ ਖੌਫਨਾਕ ਦੌਰ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਇਸ ਸਾਰੇ ਘਟਨਾਚੱਕਰ ਵਿੱਚੋਂ ਜੋ ਤੱਥ ਸਾਹਮਣੇ ਆਉਂਦਾ ਹੈ ਉਹ ਇਹੀ ਹੈ ਕਿ ਅਮਰੀਕਾ, ਆਪਣੇ ਦੇਸ਼ ਤੋਂ ਸਿਵਾ ਕਿਸੇ ਹੋਰ ਦੇਸ਼ ਵਿਚ ਸੱਚੇ ਦਿਲੋਂ ਲੋਕਰਾਜ ਦਾ ਹਾਮੀ ਨਹੀਂ। ਹਰ ਥਾਂ ਉਸ ਨੇ ਡਿਕਟੇਟਰ ਪਾਲੇ ਹੋਏ ਹਨ। ਉਹ ਇਨ੍ਹਾਂ ਦੇਸ਼ਾਂ ਵਿੱਚ ਕਠਪੁਤਲੀ ਸਰਕਾਰਾਂ ਬਣਾਉਂਦਾ ਤੇ ਵਕਤ ਆਉਣ ਉੱਤੇ ਉਨ੍ਹਾਂ ਦੀ ਡੋਰ ਖਿੱਚ ਲੈਂਦਾ ਹੈ। ਪਾਕਿਸਤਾਨ ਦੀ ਦੋਗਲੀ ਨੀਤੀ ਨੂੰ ਉਹ ਅਜੇ ਵੀ ਪੱਠੇ ਪਾ ਰਿਹਾ ਹੈ। ਜੇ ਅਮਰੀਕਾ, ਪਾਕਿਸਤਾਨ ਤੋਂ ਨਿਕਲ ਜਾਂਦਾ ਤਾਂ ਸਾਡੇ ਬਾਰਡਰਾਂ ਉੱਤੇ ਅਮਨ ਹੋ ਸਕਦਾ ਸੀ। ਸੱਚਾਈ ਇਹ ਹੈ ਕਿ ਜੰਗ ਕਿਤੇ ਵੀ ਲੱਗੇ, ਪਟਾਕੇ ਤਾਂ ਅਮਰੀਕਾ ਦੇ ਹੀ ਚੱਲਣੇ ਹਨ। ਜਹਾਜ਼ ਅਮਰੀਕਾ ਦੇ ਹੀ ਵਿਕਣੇ ਹਨ, ਬਰਬਾਦ ਹੋਰ ਲੋਕ ਹੋਣਗੇ।

ਜਿਹੜਾ ਖੌਫਨਾਕ ਮੰਜ਼ਰ ਕਾਬੁਲ ਏਅਰਪੋਰਟ ਉੱਤੇ ਵੇਖਿਆ, ਜਿੱਥੇ ਉਡਦੇ ਜਾਂਦੇ ਅਮਰੀਕਾ ਹਵਾਈ ਜਹਾਜ਼ ਦੇ ਅੱਗੇ-ਪਿੱਛੇ ਕਾਬੁਲ ਅਤੇ ਗੈਰ ਕਾਬੁਲ ਵਾਸੀ ਮਰਦ-ਔਰਤਾਂ ਤੇ ਬੱਚੇ ਜਹਾਜ਼ ਨਾਲ ਚਿੰਬੜਨ ਲਈ ਭੱਜ ਰਹੇ ਸਨ, ਇਹ ਮੰਜ਼ਰ ਸੰਸਾਰ ਵਿਚ ਕਦੇ ਕਿਤੇ ਵੇਖਣ ਨੂੰ ਨਹੀਂ ਮਿਲਿਆ ਤੇ ਸ਼ਾਇਦ ਮਿਲੇਗਾ ਵੀ ਨਹੀਂ। ਇਹ ਠੀਕ ਹੈ ਕਿ ਪਾਕਿਸਤਾਨ ਨੇ ਤਾਲਿਬਾਨ ਦੀ ਮਦਦ ਕੀਤੀ ਹੈ ਅਤੇ ਕੀਤੀ ਵੀ ਅਮਰੀਕੀ ਸਰਮਾਏ ਨਾਲ ਹੈ, ਪਰ ਪਾਕਿ ਨੂੰ ਵੀ ਇਸ ਦੇ ਕੌੜੇ ਸਿੱਟੇ ਭੁਗਤਣੇ ਪੈ ਸਕਦੇ ਹਨ। ਯਾਦ ਆ ਰਿਹਾ ਹੈ ਉਹ ਕਾਬੁਲ ਜਿੱਥੇ ਟਨਾਂ ਦੇ ਹਿਸਾਬ ਨਾਲ ਡਰਾਈ ਫਰੂਟ ਏਥੇ ਅੱਪੜਦਾ ਸੀ ਤੇ ਕਾਜੂਆਂ-ਬਾਦਾਮਾਂ ਦੇ ਆਨੰਦ ਮਾਣਦੇ ਸਨ ਅੱਜ ਬਾਰੂਦ ਦਾ ਢੇਰ ਬਣਿਆ ਹੋਇਆ ਹੈ।

# ਵਰਚੁਅਲ ਸਿੱਖਿਆ ਦੇ ਕਾਰਨ ਬੱਚਿਆਂ ਦਾ ਸਮਾਜਿਕ ਅਤੇ ਭਾਵਨਾਤਮਕ ਵਿਕਾਸ ਨਹੀਂ ਹੋ ਰਿਹਾ



-ਵਿਜੈ ਗਰਗ-

ਬਹੁਗਿਣਤੀ ਭਾਰਤੀਆਂ ਕੋਲ ਕੰਪਿਊਟਰ ਨਹੀਂ ਹਨ ਅਤੇ ਉਨ੍ਹਾਂ ਦੀ ਵਰਚੁਅਲ ਸਿੱਖਿਆ ਤੱਕ ਪਹੁੰਚ ਦਾ ਇੱਕੋ ਇੱਕ ਸਾਧਨ ਮੋਬਾਈਲ ਫ਼ੋਨ ਹਨ. ਲੌਕਡਾਊਨ ਦੌਰਾਨ ਰੁਜ਼ਗਾਰ ਦੇ ਨੁਕਸਾਨ ਅਤੇ ਆਮਦਨੀ ਵਿੱਚ ਭਾਰੀ ਕਮੀ ਦੇ ਕਾਰਨ, ਇੱਕ ਵੱਡਾ ਵਰਗ ਅਜਿਹਾ ਹੈ ਜੋ ਆਪਣੇ ਮੋਬਾਈਲ ਫੋਨਾਂ ਨੂੰ ਇੰਟਰਨੈਟ ਨਾਲ ਜੋੜਨ ਲਈ ਡਾਟਾ ਖਰੀਦਣ ਵਿੱਚ ਵੀ ਅਸਮਰੱਥ ਹੈ।

ਮਹਾਂਮਾਰੀ ਦੇ ਦੌਰਾਨ, ਦੇਸ਼ ਭਰ ਵਿੱਚ ਇੱਕ ਕੇਂਦਰੀਕ੍ਰਿਤ ਨੀਤੀ ਦੇ ਤਹਿਤ ਸਕੂਲਾਂ ਸਮੇਤ ਸਾਰੇ ਵਿਦਿਅਕ ਅਦਾਰੇ ਬੰਦ ਸਨ। ਹੁਣ, ਸਾਰੇ ਖੇਤਰਾਂ ਵਿੱਚ ਪੂਰਨ ਪਾਬੰਦੀ ਤੋਂ ਛੋਟ ਮਿਲਣ ਤੋਂ ਬਾਅਦ ਵੀ, ਸਕੂਲ ਖੋਲ੍ਹਣ ਵਿੱਚ ਵਿਸ਼ੇਸ਼ ਸਾਵਧਾਨੀ ਵਰਤੀ ਜਾ ਰਹੀ ਹੈ. ਹਾਲਾਂਕਿ ਇਹ ਮਹਾਂਮਾਰੀ ਨੂੰ ਕੰਟਰੋਲ ਕਰਨ ਦੇ ਨਜ਼ਰੀਏ ਤੋਂ ਢੁੱਕਵਾਂ ਹੋ ਸਕਦਾ ਹੈ, ਇਸ ਤਰ੍ਹਾਂ ਸਕੂਲ ਦੇ ਬੰਦ ਹੋਣ ਨੇ ਵਿਸ਼ੇਸ਼ ਅਧਿਕਾਰ ਪ੍ਰਾਪਤ ਅਤੇ ਹਾਸ਼ੀਏ 'ਤੇ ਆਏ ਬੱਚਿਆਂ ਦੇ ਵਿੱਚ ਪਹਿਲਾਂ ਤੋਂ ਮੌਜੂਦ ਵਿਦਿਅਕ ਪਾੜੇ ਨੂੰ ਵਧਾ ਦਿੱਤਾ ਹੈ. ਇੱਕ ਪਾਸੇ, ਰਵਾਇਤੀ ਕਲਾਸਰੂਮ ਅਧਿਆਪਨ ਦੇ ਵਿਕਲਪ ਦੇ ਰੂਪ ਵਿੱਚ ਆਨਲਾਈਨ ਕਲਾਸਾਂ ਦੇ ਸੰਗਠਨ ਨੂੰ ਸਿੱਖਿਆ ਦੇ ਲੋਕਤੰਤਰੀਕਰਨ ਵੱਲ ਇੱਕ ਵੱਡੇ ਕਦਮ ਦੇ ਰੂਪ ਵਿੱਚ ਅੱਗੇ ਵਧਾਇਆ ਜਾ ਰਿਹਾ ਹੈ, ਪਰ ਦੂਜੇ ਪਾਸੇ ਇਸਨੇ ਦਲਿਤ-ਕਬਾਇਲੀ ਬੱਚਿਆਂ ਦੀ ਬਹੁਗਿਣਤੀ ਲਈ ਇੱਕ ਨਵੀਂ ਸਰਹੱਦ ਬਣਾਈ ਹੈ ਸਿੱਖਿਆ ਤੱਕ ਪਹੁੰਚ ਦਾ ਤਰੀਕਾ ਡਿਜੀਟਲ ਰੁਕਾਵਟ ਬਣਾਈ ਗਈ ਹੈ. ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਚਾਕ ਅਤੇ ਬਲੈਕਬੋਰਡਸ ਦੀ ਥਾਂ ਕੰਪਿਊਟਰ ਅਤੇ ਮੋਬਾਈਲ ਫੋਨਾਂ ਨਾਲ ਅਧਿਆਪਨ ਪ੍ਰਕਿਰਿਆ ਬਹੁਤ ਬਦਲ ਗਈ ਹੈ. ਪਰ ਇਸ ਗੱਲ 'ਤੇ ਵਿਚਾਰ ਕਰਨਾ ਵੀ ਮਹੱਤਵਪੂਰਨ ਹੈ ਕਿ ਇਸ ਬਦਲਾਅ ਦਾ ਕੀ ਮਤਲਬ ਹੈ ਵਾਂਝੇ ਵਰਗਾਂ ਅਤੇ ਕਮਜ਼ੋਰ ਪਿਛੋਕੜਾਂ ਦੇ ਵਿਦਿਆਰਥੀਆਂ ਲਈ ਅਸੀਂ ਕੀ ਕੀਤਾ ਸੀ

ਅਜਿਹਾ ਨਹੀਂ ਹੈ ਕਿ ਅਮੀਰ ਵਰਗ ਦੇ ਬੱਚੇ ਜਿਨ੍ਹਾਂ ਕੋਲ ਕੰਪਿਊਟਰ ਅਤੇ ਇੰਟਰਨੈਟ ਦੀ ਵਰਤੋਂ ਹੈ, ਵਰਚੁਅਲ ਮਾਧਿਅਮਾਂ ਦੁਆਰਾ ਸੰਚਾਲਿਤ ਇਸ ਸਿੱਖਿਆ ਦੁਆਰਾ ਨਕਾਰਾਤਮਕ ਪ੍ਰਭਾਵਤ ਨਹੀਂ ਹੋ ਰਹੇ ਹਨ. ਇਹ ਬਹੁਤ ਸਾਰੇ ਅਧਿਐਨਾਂ ਦੁਆਰਾ ਸਾਬਤ ਹੋਇਆ ਹੈ ਕਿ ਵਰਚੁਅਲ ਸਿੱਖਿਆ ਰਵਾਇਤੀ ਸਕੂਲ ਦੀ ਪੜ੍ਹਾਈ ਦਾ ਬਦਲ ਨਹੀਂ ਹੋ ਸਕਦੀ. ਇੱਕ ਪਾਸੇ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਸਕੂਲੀ ਸਿੱਖਿਆ ਲਈ ਸਕੂਲ ਵਿੱਚ ਹਾਜਰ ਹੋਣ ਜ਼ਰੂਰੀ ਹੈ, ਦੂਜੇ ਪਾਸੇ, ਆਨਲਾਈਨ ਕਲਾਸਾਂ ਰਾਹੀਂ ਪੜ੍ਹ ਰਹੇ ਵਿਦਿਆਰਥੀਆਂ ਦੀ ਸਮਝ ਦਾ ਪੱਧਰ ਵੀ ਸਿੱਧੇ ਸਾਹਮਣੇ ਬੈਠੇ ਵਿਦਿਆਰਥੀਆਂ ਦੇ ਮੁਕਾਬਲੇ ਘੱਟ ਪਾਇਆ ਗਿਆ ਹੈ ਕਲਾਸ ਵਿੱਚ ਅਧਿਆਪਕ ਜੋ ਪੜ੍ਹਾਈ ਬਹੁਤ ਸਪੱਸ਼ਟ ਕਰਕੇ ਕਰ ਸਕਦਾ ਹੈ ਉਹ ਇਸ, ਤਕਨਾਲੋਜੀ ਨੂੰ ਆਪਣੇ ਸਰਬੋਤਮ ਤੇ ਸਿਰਫ ਇੱਕ ਸਹਾਇਕ ਸਮਗਰੀ ਤੋਰ ਤੇ ਵਰਤ ਸਕਦਾ ਹੈ. ਇਹ ਕਲਾਸਰੂਮ ਦੀ ਪੜ੍ਹਾਈ ਦੇ ਪੂਰਕ ਨਹੀਂ ਹੋ ਸਕਦਾ. ਇਹ ਨੋਟ ਕਰਨਾ ਵੀ ਮਹੱਤਵਪੂਰਨ ਹੈ ਕਿ ਸਕੂਲੀ ਸਿੱਖਿਆ ਵਿੱਚ ਡਿਜੀਟਲ ਮੀਡੀਆ ਦੀ ਪ੍ਰਭਾਵੀ ਵਰਤੋਂ ਸਿਰਫ ਅਸਲ ਅਧਿਆਪਨ ਕਮਰੇ ਵਿੱਚ ਹੀ ਸੰਭਵ ਹੈ. ਸਕੂਲ ਬੰਦ ਹੋਣ ਕਾਰਨ ਅੱਜ ਹਰ ਬੱਚਾ ਆਪਣੀ ਸਮਰੱਥਾ ਨੂੰ ਸਹੀ ਢੰਗ ਨਾਲ ਕਰਨ ਦੇ ਯੋਗ ਨਹੀਂ ਹੈ।

ਸਿੱਖਿਆ ਦੇ ਸਮਾਜਕ-ਮਨੁੱਖੀ ਮਾਪਾਂ ਦੇ ਮੱਦੇਨਜ਼ਰ, ਦੂਰੀ ਵਰਚੁਅਲ ਸਿੱਖਿਆ ਨੇ ਸਿੱਖਿਆ ਦੇ ਮੂਲ ਅਰਥਾਂ ਨੂੰ ਪਿਛੋਕੜ ਵਿੱਚ ਧੱਕ ਦਿੱਤਾ ਹੈ. ਵਰਚੁਅਲ ਲਰਨਿੰਗ ਦੇ ਨਾਂ ਤੇ, ਅਸੀਂ ਬੱਚਿਆਂ ਨਾਲ ਪ੍ਰਯੋਗ ਕਰ ਰਹੇ ਹਾਂ ਜਿਵੇਂ ਕਿ ਉਹ ਜਾਣਕਾਰੀ ਅਤੇ ਤੱਥਾਂ ਨਾਲ ਭਰੇ ਹੋਏ ਖਾਲੀ ਭਾਂਡੇ ਹਨ. ਇਹ ਆਨਲਾਈਨ ਕਲਾਸਾਂ ਵਿੱਚ ਵੇਖਿਆ ਗਿਆ ਹੈ ਕਿ ਸਿੱਖਿਆ ਦਾ ਵਿਹਾਰਕ ਪੱਖ ਵੀ ਅਣਗੌਲਿਆ ਰਹਿੰਦਾ ਹੈ. ਅਸੀਂ ਬੱਚਿਆਂ ਦੇ ਸਮਾਜਿਕ ਅਤੇ ਭਾਵਨਾਤਮਕ ਵਿਕਾਸ ਵੱਲ ਲੋੜੀਂਦਾ ਧਿਆਨ ਦੇਣ ਵਿੱਚ ਅਸਫਲ ਰਹਿੰਦੇ ਹਾਂ. ਸਿਖਾਉਣ ਦਾ ਇੱਕ ਆਮ ਸਿਧਾਂਤ ਇਹ ਹੈ ਕਿ ਬੱਚੇ ਦੂਜਿਆਂ ਦੀ ਨਕਲ ਕਰਕੇ ਸਿੱਖਦੇ ਹਨ. ਕਲਾਸਰੂਮ ਵਿੱਚ, ਅਧਿਆਪਕ ਉਹ ਮਾਹੌਲ ਪ੍ਰਦਾਨ ਕਰਦਾ ਹੈ ਜਿਸ ਵਿੱਚ ਬੱਚਾ ਸਹਿਪਾਠੀਆਂ ਨਾਲ ਜੁੜ ਕੇ ਆਪਣੇ ਮਨ ਵਿੱਚ ਆਸਾਨੀ ਨਾਲ ਖੇਡ ਅਤੇ ਖੇਡਣਾ ਭਾਵਨਾ ਨਾਲ ਪੜ੍ਹ ਸਕਦਾ ਹੈ. ਪੁਰਾਣੇ ਯੁੱਗ ਦੇ ਵਿਦਿਅਕ ਅਨੁਭਵ ਦਰਸਾਉਂਦੇ ਹਨ ਕਿ ਇੰਟਰਨੈਟ-ਅਧਾਰਤ ਵਰਚੁਅਲ ਕਲਾਸਰੂਮਾਂ ਵਿੱਚ ਆਪਸ ਵਿੱਚ ਜੁੜੇ ਸਿੱਖਣ ਦਾ ਸਧਾਰਨ ਕਾਰਜ ਵੀ ਪੂਰਾ ਨਹੀਂ ਹੋ ਸਕਦਾ ਹੈ।

ਜਦੋਂ ਕਿ ਸਰਕਾਰੀ ਸਕੂਲਾਂ ਦੇ ਗਰੀਬ ਵਰਗ ਦੇ ਵਿਦਿਆਰਥੀ ਵਿੱਚ ਵਰਚੁਅਲ ਕਲਾਸਾਂ ਬੇਅਸਰ ਪਾਈਆਂ ਗਈਆਂ ਹਨ ਜੋ ਮੋਬਾਈਲ ਅਤੇ ਕੰਪਿਊਟਰਾਂ ਤੋਂ ਵਾਂਝੇ ਹਨ ਅਤੇ ਦੂਰ - ਦੁਰਾਡੇ ਦੇ ਕਬਾਇਲੀ ਇਲਾਕਿਆਂ ਵਿੱਚ ਇੰਟਰਨੈਟ ਦੀ ਸਹੀ ਉਪਲਬਧਤਾ ਨੇ ਉਨ੍ਹਾਂ ਨੂੰ ਅਰਥਹੀਣ ਕਰ ਦਿੱਤਾ ਹੈ, ਕੁਝ ਅਮੀਰ ਪਰਿਵਾਰਾਂ ਦੇ ਬੱਚੇ ਸਮਾਰਟਫੋਨ ਅਤੇ ਲੈਪਟਾਪ ਵਰਗੇ ਉਪਕਰਣਾਂ ਦੀ ਵਰਤੋਂ ਕਰ ਰਹੇ ਹਨ ਅਤੇ ਲੋੜ ਤੋਂ ਵੱਧ ਨਿਰਭਰ ਹੋ ਰਹੇ ਹਨ. ਇਸ ਨਾਲ ਉਨ੍ਹਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਅਜਿਹੇ ਬੱਚੇ ਜੋ ਸਕ੍ਰੀਨ 'ਤੇ ਬਹੁਤ ਜ਼ਿਆਦਾ ਸਮਾਂ ਬਿਤਾਉਂਦੇ ਹਨ ਉਨ੍ਹਾਂ ਦੇ ਸਰੀਰਕ-ਸਮਾਜਿਕ ਵਿਕਾਸ ਦੀ ਉਮੀਦ ਨਹੀਂ ਹੁੰਦੀ. ਇਹ ਸਪੱਸ਼ਟ ਹੈ ਕਿ ਮਹਾਂਮਾਰੀ ਦੇ ਇਸ ਯੁੱਗ ਵਿੱਚ, ਟੈਕਨਾਲੌਜੀ ਨੇ ਗੁਣਾਤਮਕ ਤੌਰ ਤੇ ਵਿਦਿਅਕ ਅਸਮਾਨਤਾ ਨੂੰ ਵਧਾ ਦਿੱਤਾ ਹੈ. ਅੱਜ, ਭਾਰਤ ਵਿੱਚ ਅਮੀਰ ਅਤੇ ਗਰੀਬ ਦੀ ਤਰਜ਼ ਤੇ ਤਕਨੀਕੀ-ਅਮੀਰ ਅਤੇ ਤਕਨੀਕੀ-ਗਰੀਬ ਲੋਕਾਂ ਦੇ ਵਰਗੀਕਰਨ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਰਾਸ਼ਟਰੀ ਨਮੂਨਾ ਸਰਵੇਖਣ ਦਫਤਰ ਦੇ ਸੱਤਰਵੇਂ-ਪੰਜਵੇਂ ਦੌਰ ਦੇ ਅੰਕੜੇ ਇਸ ਪਾੜੇ ਦੀ ਪੁਸ਼ਟੀ ਕਰਦੇ ਹਨ. ਇਨ੍ਹਾਂ ਅੰਕੜਿਆਂ ਦੇ ਅਨੁਸਾਰ, ਪੇਂਡੂ ਖੇਤਰਾਂ ਦੇ ਪੇਂਡੂ ਘਰਾਂ ਵਿੱਚ ਪੰਜ ਪ੍ਰਤੀਸ਼ਤ ਤੋਂ ਵੀ ਘੱਟ ਕੰਪਿਊਟਰ ਹਨ, ਜਦੋਂ ਕਿ ਸ਼ਹਿਰੀ ਖੇਤਰਾਂ ਵਿੱਚ ਇਹ ਅੰਕੜਾ ਮੁਸ਼ਕਿਲ ਨਾਲ ਪੱਚੀ ਪ੍ਰਤੀਸ਼ਤ ਨੂੰ ਛੂਹਦਾ ਹੈ. ਸਪੱਸ਼ਟ ਹੈ ਕਿ ਬਹੁਗਿਣਤੀ ਭਾਰਤੀਆਂ ਕੋਲ ਕੰਪਿਊਟਰ ਨਹੀਂ ਹਨ ਅਤੇ ਉਨ੍ਹਾਂ ਦੀ ਵਰਚੁਅਲ ਸਿੱਖਿਆ ਤੱਕ ਪਹੁੰਚ ਦਾ ਇੱਕੋ ਇੱਕ ਸਾਧਨ ਮੋਬਾਈਲ ਫ਼ੋਨ ਹਨ. ਲੌਕਡਾਊਨ ਦੌਰਾਨ ਰੁਜ਼ਗਾਰ ਦੇ ਨੁਕਸਾਨ ਅਤੇ ਆਮਦਨੀ ਵਿੱਚ ਭਾਰੀ ਕਮੀ ਦੇ ਕਾਰਨ, ਇੱਕ ਵੱਡਾ ਵਰਗ ਅਜਿਹਾ ਹੈ ਜੋ ਆਪਣੇ ਮੋਬਾਈਲ ਫੋਨਾਂ ਤੇ ਇੰਟਰਨੈਟ ਲਈ ਡਾਟਾ ਖਰੀਦਣ ਵਿੱਚ ਅਸਮਰੱਥ ਹੈ. ਕੇਰਲਾ ਵਰਗੇ ਕੁਝ ਰਾਜਾਂ ਨੂੰ ਛੱਡ ਕੇ, ਅਕਸਰ ਗਰੀਬ ਬੱਚਿਆਂ ਲਈ ਆਨਲਾਇਨ ਸਿੱਖਿਆ ਲਈ ਮੁਢਲੇ ਡਿਜੀਟਲ ਸਰੋਤਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਰਕਾਰ ਨੇ ਕੰਮ ਨਹੀਂ ਕੀਤਾ।

ਮਹਾਂਮਾਰੀ ਦੇ ਸਮੇਂ ਦੌਰਾਨ ਬੇਰੁਜ਼ਗਾਰੀ ਅਤੇ ਵਿਸਥਾਪਨ ਦੇ ਸਮੇਂ ਦੇ ਨਾਲ, ਵਿਚਕਾਰੋਂ ਬਾਹਰ ਜਾਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ. ਇਹ ਨਹੀਂ ਭੁੱਲਣਾ ਚਾਹੀਦਾ ਕਿ ਸਕੂਲ ਸਿਰਫ ਸਿੱਖਿਆ ਪ੍ਰਦਾਨ ਨਹੀਂ ਕਰਦੇ, ਬਲਕਿ ਉਹ ਉਨ੍ਹਾਂ ਬੱਚਿਆਂ ਲਈ ਸੁਰੱਖਿਆ ਖੇਤਰ ਵਜੋਂ ਵੀ ਕੰਮ ਕਰਦੇ ਹਨ ਜਿਨ੍ਹਾਂ ਦੇ ਪਰਿਵਾਰ ਅਤੇ ਸਮਾਜਿਕ ਵਾਤਾਵਰਣ ਉਨ੍ਹਾਂ ਲਈ ਅਸੁਰੱਖਿਅਤ ਹਨ. ਸਕੂਲ ਬੰਦ ਹੋਣ ਦਾ ਮਤਲਬ ਇਨ੍ਹਾਂ ਬੱਚਿਆਂ ਲਈ ਇਹ ਬਹੁਤ ਵੱਡਾ ਨੁਕਸਾਨ ਹੈ. ਭਿਆਨਕ ਗਰੀਬੀ ਵਿੱਚ ਫਸੇ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਵਾਧੂ ਆਮਦਨੀ ਲਈ ਘਰੇਲੂ ਨੌਕਰ ਜਾਂ ਖੇਤ ਮਜ਼ਦੂਰ ਬਣਨ ਲਈ ਮਜਬੂਰ ਕਰ ਰਹੇ ਹਨ। ਗੁੰਮਸ਼ੁਦਾ ਸਕੂਲ ਉਨ੍ਹਾਂ ਨੂੰ ਬਾਲ ਵਿਆਹ ਅਤੇ ਬਾਲ ਤਸਕਰੀ ਦੀ ਦਲਦਲ ਵਿੱਚ ਫਸਣ ਦੇ ਜੋਖਮ ਵਿੱਚ ਵੀ ਪਾਉਂਦਾ ਹਨ।

ਹੁਣ ਜਦੋਂ ਦੇਸ਼ ਵਿੱਚ ਸਕੂਲ ਹੌਲੀ ਹੌਲੀ ਖੁੱਲ੍ਹ ਰਹੇ ਹਨ, ਸਕੂਲ ਬੰਦ ਹੋਣ ਦੌਰਾਨ ਪੈਦਾ ਹੋਏ ਵਿਦਿਅਕ ਪਾੜੇ ਨੂੰ ਦੂਰ ਕਰਨ ਲਈ ਵਿਸ਼ੇਸ਼ ਯਤਨਾਂ ਦੀ ਲੋੜ ਹੈ. ਇਸ ਤਰ੍ਹਾਂ, ਸਿਲੇਬਸ ਨੂੰ ਪੂਰਾ ਕਰਨ ਅਤੇ ਪ੍ਰੀਖਿਆਵਾਂ ਕਰਵਾਉਣ ਦੀ ਹਸਰਤ ਜਿਆਦਾ ਉਮੀਦ ਵਾਲੇ ਨਤੀਜੇ ਨਹੀਂ ਦੇਵੇਗੀ. ਵਿਸ਼ੇ ਦੇ ਹਿਸਾਬ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕਰਕੇ ਪਾਠਕ੍ਰਮ ਦੇ ਸਮਾਯੋਜਨ ਵੱਲ ਤੁਰੰਤ ਕਦਮ ਚੁੱਕਣ ਦੀ ਤੁਰੰਤ ਲੋੜ ਹੈ. ਸਕੂਲਾਂ ਵਿੱਚ ਵੱਖ-ਵੱਖ ਪੱਧਰਾਂ 'ਤੇ ਨਿਰੰਤਰ ਅਤੇ ਵਿਆਪਕ ਮੁਲਾਂਕਣ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ. ਇਸ ਗੱਲ ਦਾ ਮੁਲਾਂਕਣ ਹੋਣਾ ਚਾਹੀਦਾ ਹੈ ਕਿ ਬੱਚਿਆਂ ਨੇ ਹੁਣ ਤੱਕ ਕੀ ਸਿੱਖਿਆ ਹੈ ਅਤੇ ਉਹ ਕਿੱਥੇ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ. ਅਧਿਆਪਕਾਂ ਨੂੰ ਇਸ ਕੰਮ ਵਿੱਚ ਛੋਟ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਹ ਬੱਚਿਆਂ ਦਾ ਸਹੀ ਮੁਲਾਂਕਣ ਕਰ ਸਕੇ।

ਹੁਣ ਲਟਕਦੇ ਮੁਲਾਂਕਣ ਸੁਧਾਰਾਂ ਨੂੰ ਲਾਗੂ ਕਰਨ ਦਾ ਸਮਾਂ ਆ ਗਿਆ ਹੈ. ਕੋਰੋਨਾ ਦੀ ਤੀਜੀ ਲਹਿਰ ਦੇ ਡਰ ਦੇ ਮੱਦੇਨਜ਼ਰ, ਸਕੂਲੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਕਦਮ ਚੁੱਕਣ ਦੀ ਜ਼ਰੂਰਤ ਹੈ, ਤਾਂ ਜੋ ਪੜ੍ਹਾਈ ਛੱਡ ਚੁੱਕੇ ਬੱਚਿਆਂ ਨੂੰ ਸਕੂਲ ਵਾਪਸ ਲਿਆਂਦਾ ਜਾ ਸਕੇ ਤਾਂ ਜੋ ਅੱਗੇ ਦੀ ਪੜ੍ਹਾਈ ਵਿੱਚ ਵਿਘਨ ਨਾ ਪਵੇ। ਸਵੈ-ਅਧਿਐਨ ਲਈ ਵਿਦਿਅਕ ਸਮਗਰੀ ਵਿਕਸਤ ਕਰਨਾ ਅਤੇ ਉਨ੍ਹਾਂ ਨੂੰ ਵਿਦਿਆਰਥੀਆਂ ਵਿੱਚ ਵੰਡਣਾ ਇਸ ਦਿਸ਼ਾ ਵਿੱਚ ਇੱਕ ਵੱਡੀ ਪਹਿਲ ਹੋ ਸਕਦੀ ਹੈ. ਸਕੂਲ ਬੰਦ ਹੋਣ ਤੇ ਵੀ ਬੱਚੇ ਇਸਦੀ ਵਰਤੋਂ ਕਰ ਸਕਣ। ਮੁਫਤ ਇੰਟਰਨੈਟ ਦੇ ਨਾਲ ਕੰਪਿਊਟਰਾਂ ਦੀ ਵੰਡ ਅਤੇ ਉਹਨਾਂ ਦੀ ਵਰਤੋਂ ਲਈ ਸਿਖਲਾਈ ਦੀਆਂ ਵੀ ਲੋੜੀਂਦੀ ਹੈ।

ਪਰ ਸਕੂਲੀ ਸਿੱਖਿਆ ਦੀ ਦਿਸ਼ਾ ਵਿੱਚ ਕੋਈ ਤਬਦੀਲੀ ਅਤੇ ਸੁਧਾਰ ਸੰਭਵ ਨਹੀਂ ਹੈ ਜਦੋਂ ਤੱਕ ਅਸੀਂ ਇਸ ਤੱਥ ਨੂੰ ਸਵੀਕਾਰ ਨਹੀਂ ਕਰਦੇ ਕਿ ਮਹਾਂਮਾਰੀ ਦਾ ਸਕੂਲੀ ਸਿੱਖਿਆ ਉੱਤੇ ਬਹੁਤ ਮਾੜਾ ਪ੍ਰਭਾਵ ਪਿਆ ਹੈ. ਸਾਨੂੰ ਪਹਿਲਾਂ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਇਸਨੇ ਹਾਸ਼ੀਏ 'ਤੇ ਗਏ ਬੱਚਿਆਂ ਨੂੰ ਉਨ੍ਹਾਂ ਦੇ ਸਾਥੀ ਸਹਿਪਾਠੀਆਂ ਤੋਂ ਇੰਨਾ ਦੂਰ ਧੱਕ ਦਿੱਤਾ ਹੈ ਕਿ ਉਨ੍ਹਾਂ ਲਈ ਹੁਣ ਉਨ੍ਹਾਂ ਦਾ ਮੇਲ ਸੰਭਵ ਨਹੀਂ ਹੋ ਸਕਦਾ. ਜੇ ਅਸੀਂ ਯੋਜਨਾਬੱਧ ਢੰਗ ਨਾਲ ਇਸ ਵਿਦਿਅਕ ਪਾੜੇ ਨੂੰ ਦੂਰ ਕਰਨ ਦੀ ਦਿਸ਼ਾ ਵਿੱਚ ਕੰਮ ਕਰਨਾ ਸ਼ੁਰੂ ਨਹੀਂ ਕਰਦੇ, ਤਾਂ ਇਹ ਪਾੜਾ ਲਗਾਤਾਰ ਵਧਦਾ ਰਹੇਗਾ।

# ਨਵਜੋਤ ਸਿੱਧੂ ਫਾਰਮੂਲਾ: ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨਾਂ ਨੂੰ ਵਿਧਾਨਸਭਾ ਚੋਣਾਂ ਵਿੱਚ ਟਿਕਟ ਨਹੀਂ ਮਿਲੇਗੀ

ਲੁਧਿਆਣਾ, 9 ਸਤੰਬਰ (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਨਾਲ ਵਿਵਾਦ ਕਾਨਰ ਨਵਜੋਤ ਸਿੰਘ ਸਿੱਧੂ ਭਾਵੇਂ ਕਾਫੀ ਦੇਰ ਤੋਂ ਸਰਗਰਮ ਨਜ਼ਰ ਨਹੀਂ ਆ ਰਹੇ, ਪਰ ਅੰਦਰਖਾਤੇ ਉਨ੍ਹਾਂ ਨੇ ਲੰਬੇ ਸਮੇਂ ਤੋਂ ਪੰਜਾਬ ਕਾਂਗਰਸ ਦੇ ਸੰਗਠਨ ਦੇ ਢਾਂਚੇ ਦੇ ਮੁੜ ਗਠਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜਿਸ ਹੇਠਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਜਾਂ ਵੱਡੇ ਨੇਤਾਵਾਂ ਤੋਂ ਪ੍ਰਦੇਸ਼ ਕਾਰਜਕਾਰਣੀ ਵਿੱਚ ਸ਼ਾਮਲ ਕਰਨ ਅਤੇ ਜ਼ਿਲ੍ਹਾ ਸੀਨੀਅਰ ਆਗੂ ਬਣਾਉਣ ਲਈ ਨਾਮ ਮੰਗੇ ਹਨ।

ਪਤਾ ਲੱਗਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ, ਕਾਰਜਕਾਰੀ ਪ੍ਰਧਾਨਾਂ ਦੇ ਇਲਾਵਾ ਹੋਰ ਨਜ਼ਦੀਕੀ ਨੇਤਾਵਾਂ ਨਾਲ ਸਲਾਹ ਦੇ ਬਾਅਦ ਇਥੇ



ਫਾਰਮੂਲਾ ਤਿਆਰ ਕੀਤਾ ਹੈ ਕਿ ਜ਼ਿਲ੍ਹਾ ਪ੍ਰਧਾਨਬਣਨ ਵਾਲੇ ਨੇਤਾਵਾਂ ਨੂੰ ਵਿਧਾਨਸਭਾ ਚੋਣ ਵਿੱਚ ਟਿਕਟ ਲਈ ਅਪਲਾਈ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ ਅਤੇ ਨਾ ਉਨ੍ਹਾਂ ਦਾ ਨਾਮ ਹਾਈ ਕਮਾਨ ਨੂੰ ਭੇਜੇ ਜਾਣ ਵਾਲੇ ਪੈਨਲ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਦੇ ਲਈ ਇਹ ਦਲੀਲ ਦਿੱਤੀ ਹੈ ਕਿ ਚੋਣਾਂ ਦੌਰਾਨ ਜ਼ਿਲ੍ਹਾ ਪ੍ਰਧਾਨਨੂੰ ਟਿਕਟ ਦੇਣ ਦਾ ਅਸਰ ਪੂਰੇ ਸ਼ਹਿਰ ਦੇ ਪ੍ਰਚਾਰ ਉੱਤੇ ਪੈਂਦਾ ਹੈ ਕਿਉਂਕਿ ਬਹੁਤੇ ਕੇਸਾਂ ਵਿੱਚ ਪੁਰਾਣੇ ਪ੍ਰਧਾਨ ਵੱਲੋਂ ਬਣਾਏ ਅਹੁਦੇਦਾਰ ਨਵੇਂ ਕਾਰਜਕਾਰੀ ਸੀਨੀਅਰ ਨਾਲ ਪੂਰੇ ਤਾਲਮੇਲ ਨਾਲ ਕੰਮ ਨਹੀਂ ਕਰਦੇ। ਇਸ ਪਹਿਲੂ ਦੇ ਕਾਰਨ ਨੇਤਾਵਾਂ ਨੂੰ ਜ਼ਿਲ੍ਹਾ ਪ੍ਰਧਾਨਬਣਾਉਣ ਲਈ ਨਾਮ ਦੀ ਸਿਫਾਰਿਸ਼ ਕਰਨ ਲਈ ਕਿਹਾ ਗਿਆ ਹੈ, ਜਿਸ ਦੇ ਕਾਰਨ ਵਿਧਾਨਸਭਾ ਚੋਣ ਲੜਣ ਦੇ ਚਾਹਵਾਨ ਜ਼ਿਲ੍ਹਾ ਪ੍ਰਧਾਨਬਣਨ ਦੀ ਦਾਅਵੇਦਾਰੀ ਨਾਲ ਕਿਨਾਰਾ ਕਰ ਸਕਦੇ ਹਨ, ਜਿਸ ਨਾਲ ਨਵਜੋਤ ਸਿੰਘ ਸਿੱਧੂ ਦੀ ਸੋਚ ਮੁਤਾ-ਬਕ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਦਾ ਰਸਤਾ ਸਾਫ਼ ਹੋ ਜਾਵੇਗਾ।

# ਮੁੱਖ ਮੰਤਰੀ ਅਮਰਿੰਦਰ ਨੇ ਉਲੰਪਿਕ ਜੇਤੂਆਂ ਨੂੰ ਹੱਥੀਂ ਬਣਾ ਕੇ ਖਾਣਾ ਖੁਆਇਆ!

ਚੰਡੀਗੜ੍ਹ, 9 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੱਲ੍ਹ ਉਲੰਪਿਕ ਖੇਡਾਂ ਦੇ ਤਮਗ਼ਾ ਜੇਤੂ ਪੰਜਾਬ ਦੇ ਖਿਡਾਰੀਆਂ ਅਤੇ ਸੋਨ ਤਮਗ਼ਾ ਜੇਤੂ ਹਰਿਆਣਾ ਦੇ ਨੀਰਜ ਚੋਪੜਾ ਨੂੰ ਸਨਮਾਨ ਦੇਣ ਲਈ ਆਪਣੇ ਸਿਸਵਾਂ ਫ਼ਾਰਮ ਹਾਊਸ ਵਿਖੇ ਰਾਤ ਦਾ ਖਾਣਾ ਖੁਆਇਆ। ਇਸ ਦੀ ਖਾਸ ਗੱਲ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖ਼ੁਦ ਸਵਾਦੀ ਪਕਵਾਨ ਤਿਆਰ ਕਰਨ ਲਈ ਤੜਕਾ ਲਾਇਆ। ਉਹ ਇਸ ਖਾਣੇ ਦੀ ਤਿਆਰੀ ਵਿੱਚ ਸਵੇਰ ਤੋਂ ਲੱਗ ਗਏ ਸਨ ਅਤੇ ਉਨ੍ਹਾਂ ਨੇ ਚਿਕਨ ਤੇ ਚੌਲਾਂ ਦਾ ਵਿਸ਼ੇਸ਼ ਪਕਵਾਨ ਹੱਥੀਂ ਤਿਆਰ ਕੀਤਾ।

ਉਲੰਪਿਕ ਖੇਡਾਂ ਵਿੱਚ ਜਿੱਤ ਪਿੱਛੋਂ ਪਿਛਲੇ ਦਿਨੀਂ ਖ਼ਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਨਗਦ ਇਨਾਮਾਂ ਨਾਲ ਸਨਮਾਨ ਦੇਣ ਮੌਕੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਖ਼ਿਡਾਰੀਆਂ ਨਾਲ ਵਾਅਦਾ ਕੀਤਾ ਸੀ ਕਿ ਉਹ ਕਿਸੇ ਦਿਨ



ਉਨ੍ਹਾਂ ਨੂੰ ਆਪਣੇ ਹੱਥ ਦਾ ਬਣਾਇਆ ਖਾਣਾ ਖੁਆਉਣਗੇ। ਇਸੇ ਵਾਅਦੇ ਨੂੰ ਪੂਰਾ ਕਰਦਿਆਂ ਉਨ੍ਹਾਂ ਨੇ ਕੱਲ੍ਹ ਉਲੰਪਿਕ ਤਮਗ਼ਾ ਜੇਤੂ ਪੰਜਾਬ ਦੇ ਖ਼ਿਡਾਰੀਆਂ ਤੋਂ ਇਲਾਵਾ ਚੌਥਾ ਸਥਾਨ ਹਾਸਲ ਕਰਨ ਵਾਲੀ ਕੁੜੀਆਂ ਦੀ ਹਾਕੀ ਟੀਮ ਅਤੇ ਫ਼ਾਈਨਲ ਵਿੱਚ ਪਹੁੰਚਣ ਵਾਲੀ ਡਿਸਕਸ ਥਰੋ ਖ਼ਿਡਾਰਨ ਕਮਲਪ੍ਰੀਤ ਕੌਰ ਸਮੇਤ ਉਲੰਪਿਕ ਵਿੱਚ ਹਿਸਾ ਲੈਣ ਵਾਲੇ ਪੰਜਾਬ ਦੇ ਸਾਰੇ ਖ਼ਿਡਾਰੀਆਂ ਨੂੰ ਰਾਤ ਦੇ ਖਾਣੇ ਦੀ ਮੇਜ਼ਬਾਨੀ ਲਈ ਸੱਦਿਆ ਸੀ।

# ਰਾਵਤ ਦੀ ਸੁਣ ਲਓ: ਕੈਪਟਨ-ਸਿੱਧੂ ਵਿਵਾਦ ਫਾਇਦੇਮੰਦ

ਚੰਡੀਗੜ੍ਹ, 9 ਸਤੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੇ ਪੰਜਾਬ ਬਾਰੇ ਨਵਾਂ ਸਿਆਸੀ ਫਾਰਮੂਲਾ ਪੇਸ਼ ਕਰ ਦਿੱਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਜੇ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਵਿੱਚ ਕੋਈ ਵਿਵਾਦ ਹੋਵੇਗਾ ਤਾਂ ਇਹ ਕਾਂਗਰਸ ਲਈ ਪਲੱਸ ਪੁਆਇੰਟ ਭਾਵ ਫਾਇਦੇਮੰਦ ਹੋਵੇਗਾ। ਰਾਵਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਸਾਰੇ ਇਕੱਠੇ ਹੋ ਕੇ 2022 ਦੀਆਂ ਚੋਣਾਂ ਵਿੱਚ ਜਾਣਗੇ।

ਕੱਲ੍ਹ ਏਥੇ ਇੱਕ ਗੱਲਬਾਤ ਦੌਰਾਨ ਹਰੀਸ਼ ਰਾਵਤ ਨੇ ਕਿਹਾ ਕਿ ਅਜਿਹਾ ਨਹੀਂ ਹੈ ਕਿ ਪੰਜਾਬ ਵਿੱਚ ਕਾਂਗਰਸ ਹਾਈਕਮਾਨ ਕੋਈ ਹੱਲ ਕੱਢ ਰਹੀ ਹੈ, ਸਗੋਂ ਪੰਜਾਬ ਕਾਂਗਰਸ ਦੇ ਨੇਤਾ ਖੁਦ ਸਾਰੇ ਮਸਲਿਆਂ ਦਾ ਹੱਲ ਕੱਢ ਰਹੇ ਹਨ। ਰਾਵਤ ਦੇ ਇਸ ਬਿਆਨ ਨਾਲ ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਮਾਹੌਲ ਗਰਮ ਹੋ ਗਿਆ ਹੈ ਅਤੇ ਵਿਰੋਧੀ ਧਿਰ ਦੇ ਕਈ ਨੇਤਾਵਾਂ ਨੇ ਰਾਵਤ ਦੇ ਇਸ ਬਿਆਨ ਉੱਤੇ ਪਲਟਵਾਰ ਕਰਦਿਆਂ



ਕਿਹਾ ਹੈ ਕਿ ਸਿੱਧੂ ਅਤੇ ਕੈਪਟਨ ਦੀ ਲੜਾਈ ਸਿਰਫ਼ ਪੰਜਾਬ ਦੇ ਭਖਦੇ ਮੁੱਦਿਆਂ ਤੋਂ ਧਿਆਨ ਭਟਕਾਉਣ ਦਾ ਜ਼ਰੀਆ ਸੀ।

ਇਸ ਤੋਂ ਪਹਿਲਾਂ ਤਿੰਨ ਦਿਨਾਂ ਚੰਡੀਗੜ੍ਹ ਦੌਰੇ ਦੌਰਾਨ ਹਰੀਸ਼ ਰਾਵਤ ਨੇ ਕਿਹਾ ਸੀ ਕਿ ਪੰਜਾਬ ਕਾਂਗਰਸ ਵਿੱਚ ਸਭ ਕੁਝ ਠੀਕ ਨਹੀਂ, ਬਹੁਤ ਸਾਰੇ ਸਵਾਲ ਅਣਸੁਲਝੇ ਹਨ, ਜਿਨ੍ਹਾਂ ਨੂੰ ਸੁਲਝਾਉਣਾ ਬਾਕੀ ਹੈ। ਉਨ੍ਹਾ ਕਿਹਾ ਸੀ ਕਿ ਉਹ ਛੇਤੀ ਹੀ ਹਾਈਕਮਾਨ ਨੂੰ ਰਿਪੋਰਟ ਸੌਂਪਣਗੇ।ਰਾਵਤ ਨੇ ਕਿਹਾ ਸੀ ਕਿ ਮੁੱਖ ਮੰਤਰੀ ਨੇ ਕੁਝ ਮੁੱਦਿਆਂ ਨੂੰ ਲੈ ਕੇ ਅੜਚਣਾਂ ਦਾ ਹਵਾਲਾ ਦਿੱਤਾ ਹੈ ਤੇ ਕਿਹਾ ਹੈ ਕੁਝ ਮੁੱਦਿਆਂ ਨੂੰ ਛੇਤੀ ਸੁਲਝਾ ਲਿਆ ਜਾਵੇਗਾ।

# ਗੁਰਦਾਸ ਮਾਨ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ

ਜਲੰਧਰ, 9 ਸਤੰਬਰ (ਪੋਸਟ ਬਿਊਰੋ)- ਪੰਜਾਬੀ ਗਾਇਕ ਗੁਰਦਾਸ ਮਾਨ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਦੇ ਕਾਰਨ ਉਸ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਮਾਨ ਨੇ ਵਿਵਾਦਤ ਟਿੱਪਣੀਆਂ ਕਾਰਨ ਆਪਣੇ ਖਿਲਾਫ ਦਰਜ ਹੋਏ ਕੇਸ ਵਿੱਚ ਅਗਾਊਂ ਜ਼ਮਾਨਤ ਲਈ ਜ਼ਿਲ੍ਹਾ ਸੈਸ਼ਨ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ। ਇਹ ਅਰਜ਼ੀ ਰੱਦ ਹੋਣ ਬਾਅਦ ਗੁਰਦਾਸ ਮਾਨ ਨੂੰ ਅੱਗੋਂ ਹਾਈ ਕੋਰਟ ਦਾ ਰੁਖ਼ ਕਰਨਾ ਪਵੇਗਾ।

ਕੱਲ੍ਹ ਜ਼ਿਲ੍ਹਾ ਅਦਾਲਤ ਵਿੱਚ ਕੱਲ੍ਹ ਇਸ ਕੇਸ ਦੀ ਸੁਣਵਾਈ ਮੌਕੇਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਸਿੱਖ ਸੰਗਠਨਾਂ ਦੇ ਵਕੀਲ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਅਦਾਲਤ ਨੇ ਗੁਰਦਾਸ ਮਾਨ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਇਨ੍ਹਾਂ ਵਕੀਲਾਂ ਨੇ ਇਹ ਦਲੀਲਾਂ ਦਿੱਤੀਆਂ ਕਿ ਜੇ ਗੁਰਦਾਸ ਮਾਨ ਨੂੰ ਜ਼ਮਾਨਤ ਦਿੱਤੀ ਗਈ ਤਾਂ ਇਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋਣ ਦਾ ਡਰ ਹੈ। ਬਚਾਅ ਪੱਖ ਦੇ ਵਕੀਲਾਂ ਨੇ ਕਿਹਾ ਕਿ ਅਣਜਾਣੇ ਵਿੱਚ ਕਹੀ ਗੱਲ ਦੀ ਗੁਰਦਾਸ ਮਾਨ ਨੇ ਮੁਆਫੀ ਵੀ ਮੰਗ ਲਈ ਹੈ ਤਾਂ ਫਿਰ ਏਨਾ ਵਿਵਾਦ ਕਿਉਂ ਖੜ੍ਹਾ ਕੀਤਾ ਜਾ ਰਿਹਾ ਹੈ।ਸ਼ਿਕਾਇਤਕਰਤਾ ਸੁਰਜੀਤ ਸਿੰਘ ਨੇ ਕਿਹਾ ਕਿ ਹਾਈ ਕੋਰਟ ਵਿੱਚ ਜਾਣ ਉੱਤੇ ਵੀ ਗੁਰਦਾਸ ਮਾਨ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਪੁਲਸ ਤੋਂ ਮੰਗ ਕੀਤੀ ਕਿ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਵਿੱਚ ਗੁਰਦਾਸ ਮਾਨ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਵਰਨਣ ਯੋਗ ਹੈ ਕਿ ਵੀਹ ਅਗਸਤ ਨੂੰ ਇੱਕ ਸਮਾਗਮ ਦੌਰਾਨ ਡੇਰਾ ਬਾਬਾ ਮੁਰਾਦ ਸ਼ਾਹ ਟਰੱਸਟ ਦੇ ਚੇਅਰਮੈਨ ਗੁਰਦਾਸ ਮਾਨ ਨੇ ਸਾਈਂ ਲਾਡੀ ਸ਼ਾਹ ਦੀ ਤੁਲਨਾ ਗੁਰੂ ਅਮਰਦਾਸ ਨਾਲ ਕਰ ਦਿੱਤੀ ਸੀ।

# ਸੁੱਤੀ ਬੱਚੀ ਨੂੰ ਅਗਵਾ ਕਰ ਕੇ ਲਿਜਾ ਰਹੇ ਵਿਅਕਤੀ ਦਾ ਮਾਂ ਵੱਲੋਂ ਡਟ ਕੇ ਮੁਕਾਬਲਾ

ਗੋਰਾਇਆ, 9 ਸਤੰਬਰ (ਪੋਸਟ ਬਿਊਰੋ)- ਪਿੰਡ ਸੰਗ ਢੇਸੀਆਂ ਵਿੱਚ ਦੇਰ ਰਾਤ ਆਪਣੇ ਘਰ ਮਾਂ ਨਾਲ ਸੁੱਤੀ 10 ਸਾਲ ਦੀ ਬੱਚੀ ਨੂੰ ਕੋਈ ਅਣਜਾਣ ਵਿਅਕਤੀ ਅਗਵਾ ਕਰ ਕੇ ਲਿਜਾਣ ਲੱਗਾ ਤਾਂ ਬੱਚੀ ਦੇ ਸ਼ੋਰ ਮਚਾਉਣ ਉੱਤੇਉਸ ਦੀ ਮਾਂ ਉਠ ਗਈ ਅਤੇ ਉਸ ਨੇ ਬਹਾਦੁਰੀ ਨਾਲ ਦੋਸ਼ੀ ਦਾ ਮੁਕਾਬਲਾ ਕੀਤਾ, ਜਿਸ ਦੇ ਬਾਅਦ ਉਹ ਬੱਚੀ ਨੂੰ ਛੱਡ ਕੇ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਫਰਾਰ ਹੋ ਗਿਆ। ਦੋਸ਼ੀ ਦੀਆਂ ਚੱਪਲਾਂ ਉਨ੍ਹਾਂ ਦੇ ਘਰ ਵਿੱਚ ਹੀ ਰਹਿ ਗਈਆਂ।

*** ਅਗਵਾਕਾਰ ਬੱਚੀ ਛੱਡ ਕੇ ਭੱਜ ਗਿਆ**

ਬੱਚੀ ਦੇ ਪਿਤਾ ਰਾਮਪਾਲ ਸਿੰਘ ਅਤੇ ਮਾਤਾ ਅਮਨਦੀਪ ਕੌਰ ਨੇ ਦੱਸਿਆ ਕਿ ਰਾਤ 12 ਵਜੇ ਦੇ ਕਰੀਬ ਉਨ੍ਹਾਂ ਦੇ ਘਰ ਵਿੱਚ ਛੱਤ ਦੇ ਰਸਤੇ ਇੱਕ ਵਿਅਕਤੀ ਆਇਆ ਤੇ ਉਹ ਆਪਣੀ ਮਾਂ ਅਤੇ ਭਰਾ ਦੇ ਨਾਲ ਕਮਰੇ ਵਿੱਚ ਸੌਂ ਰਹੀ ਉਨ੍ਹਾਂ ਦੀ ਛੋਟੀ ਬੇਟੀ ਨੂੰ ਉਠਾ ਕੇ ਲਿਜਾ ਰਿਹਾ ਸੀ।ਜਦੋਂ ਉਨ੍ਹਾਂ ਦੀ ਬੇਟੀ ਨੇ ਸ਼ੋਰ ਮਚਾਇਆ ਤਾਂ ਉਸਦੀ ਮਾਂ ਦੀ ਨੀਂਦ ਖੁੱਲ੍ਹ ਗਈ। ਉਸਨੇ ਉਸ ਵਿਅਕਤੀ ਦਾ ਮੁਕਾਬਲਾ ਕੀਤਾ ਤਾਂ ਉਹ ਬੱਚੀ ਨੂੰ ਛੱਡ ਕੇ ਫਰਾਰ ਹੋ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸਦੀ ਸ਼ਿਕਾਇਤ ਗੋਰਾਇਆ ਪੁਲਸ ਨੂੰ ਦੇ ਦਿੱਤੀ ਹੈ। ਐਸ ਐਚ ਓ ਗੋਰਾਇਆ ਪਰਮਿੰਦਰ ਸਿੰਘ ਨੇ ਪਰਵਾਰ ਨੂੰ ਮਿਲ ਕੇ ਘਟਨਾ ਦੀ ਜਾਣਕਾਰੀ ਲਈ ਕੀਤੀ ਅਤੇ ਆਸ-ਪਾਸ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੀ ਚੈਕ ਕੀਤੀ, ਜਿਸ ਵਿੱਚ ਇੱਕ ਵਿਅਕਤੀ ਭੱਜਦਾ ਹੋਇਆ ਨਜ਼ਰ ਆ ਰਿਹਾ ਹੈ।

# ਵਿਵਾਦਤ ਅਰਦਾਸ ਦੇ ਕੇਸ ਵਿੱਚ ਭਾਜਪਾ ਆਗੂ ਸਰਾਂ ਨੂੰ ਜ਼ਮਾਨਤ ਮਿਲੀ

ਬਠਿੰਡਾ, 9 ਸਤੰਬਰ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਦੇ ਸੂਬਾ ਸੈਕਟਰੀ ਸੁਖਪਾਲ ਸਿੰਘ ਸਰਾਂ ਨੂੰ ਬਠਿੰਡਾ ਦੇ ਪਿੰਡ ਬੀੜ ਤਲਾਬ ਦੇ ਇੱਕ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਗੁਰਮੇਲ ਸਿੰਘ ਖਾਲਸਾ ਵੱਲੋਂ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨੂੰ ਜੇਲ੍ਹਤੋਂ ਰਿਹਾਅ ਕਰਵਾਉਣ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੁਫਨੇ ਪੂਰੇ ਕਰਨ ਲਈ ਕੀਤੀ ਵਿਵਾਦਤ ਅਰਦਾਸ ਦੇ ਮਾਮਲੇ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਥਾਣਾ ਸਦਰ ਬਠਿੰਡਾ ਨੇ ਇਸ ਕੇਸ ਵਿੱਚ ਵਿਵਾਦਪੂਰਨ ਅਰਦਾਸ ਕਰਨ ਵਾਲੇ ਗੁਰਮੇਲ ਸਿੰਘ ਦੇ ਖਿਲਾਫ 20 ਮਈ ਨੂੰ ਪਰਚਾ ਦਰਜ ਕੀਤਾ ਸੀ। ਪੁਲਸ ਨੇ ਸਰਾਂ ਨੂੰ ਇਸੇ ਕੇਸ ਵਿੱਚ ਧਾਰਾ 120 ਬੀ ਦੇ ਦੋਸ਼ੀ ਵਜੋਂ ਨਾਮਜ਼ਦ ਕੀਤਾ ਅਤੇ ਦਲੀਲ ਦਿੱਤੀ ਸੀ ਕਿ ਸੁਖਪਾਲ ਸਿੰਘ ਸਰਾਂ ਨੇ ਗ੍ਰੰਥੀ ਵੱਲੋਂ ਕੀਤੀ ਗਈ ਅਰਦਾਸ ਦੀ ਵੀਡੀਓ ਬਣਾਉਣ ਪਿੱਛੋਂ ਉਸ ਨੂੰ ਵਾਇਰਲ ਕੀਤਾ ਹੈ, ਜਿਸ ਨਾਲ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਭੜਕੀਆਂ ਹਨ। ਸਰਾਂ ਨੇ ਪੁਲਸ ਦੀ ਇਸ ਕਾਰਵਾਈ ਨੂੰ ਲੈ ਕੇ ਹਾਈ ਕੋਰਟ ਤਕ ਪਹੁੰਚ ਕੀਤੀ ਸੀ।







# ਭਾਰਤੀ ਫੌਜ ਲਈ ਲੜਕੀਆਂ ਨੂੰ ਐਨ ਡੀ ਏ ਵਿੱਚ ਸ਼ਾਮਲ ਕੀਤੇ ਜਾਣ ਨੂੰ ਪ੍ਰਵਾਨਗੀ ਮਿਲੀ



ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਭਾਰਤ ਸਕਰਾਰ ਨੇ ਸੁਪਰੀਮ ਕੋਰਟ ਵਿੱਚ ਦੱਸਿਆ ਹੈ ਕਿ ਫੌਜ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐਨ ਡੀ ਏ) ਰਾਹੀਂ ਲੜਕੀਆਂ ਨੂੰ ਫੌਜ ਵਿੱਚ ਸ਼ਾਮਲ ਕਰਨ ਦਾ ਫੈਸਲਾ ਕਰ ਲਿਆ ਹੈ।

ਇਸ ਬਾਰੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿ-ਸਟਰ ਜਨਰਲ ਐਸ਼ਵਰਿਆ ਭਾਟੀ ਨੇ ਜਸਟਿਸ ਐਸ ਕੇ ਕੌਲ ਦੀ ਅਗਵਾਈ ਵਾਲੇ ਬੈਂਚ ਨੂੰ ਦੱਸਿਆ ਕਿ ਇਸ ਬਾਰੇ ਫੌਜ ਨੇ ਉਚ ਪੱਧਰ ਉੱਤੇ ਫੈਸਲਾ ਕਰ ਲਿਆ ਹੈ ਅਤੇ ਇਸ ਦੇ ਨਾਲ ਔਰਤਾਂ ਨੂੰ ਐਨ ਡੀ ਏ ਰਾਹੀਂ ਸਥਾਈ ਕਮਿਸ਼ਨ ਵੀ ਦਿੱਤਾ ਜਾਵੇਗਾ। ਭਾਟੀ ਨੇ ਐਫੀਡੇਵਿਟ ਦੇ ਰੂਪ ਵਿੱਚ ਵੇਰਵੇ ਰੱਖਣ ਦੀ ਸੁਪਰੀਮ ਕੋਰਟ ਤੋਂ ਇਜਾਜ਼ਤ ਮੰਗੀ ਅਤੇ ਕਿਹਾ ਕਿ ਇਸ ਸਾਲ ਐਨ ਡੀ ਏ ਦੇ ਟੈਸਟ ਵਿੱਚ ਪਹਿਲੀ ਸਥਿਤੀ ਬਹਾਲ ਰੱਖੀ ਜਾਵੇਗੀ, ਕਿਉਂਕਿ ਉਸ ਵਿੱਚਅਜੇ ਕਈ ਬਦਲਾਅ ਕਰਨ ਦੀ ਲੋੜ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਸਮੇਂ-ਸਮੇਂ ਉੱਤੇ ਅਧਿਕਾਰੀਆਂ ਨੂੰ ਆਖਦੇ ਰਹੇ ਸਨ ਕਿ ਅਜਿਹੇ ਫੈਸਲੇ ਲਏ ਜਾਣ ਕਿਉਂਕਿ ਇਹ ਉਨ੍ਹਾਂ ਦੇ ਹੱਥ ਵਿੱਚ ਸਨ। ਅਦਾਲਤ ਨੇ ਕਿਹਾ ਕਿ ਫੌਜ ਨੂੰ ਅਦਾਲਤ ਵੱਲੋਂ ਨਿਰਦੇਸ਼ਾਂ ਦੀ ਬਜਾਏ ਲਿੰਗ ਬਰਾਬਰੀ ਪ੍ਰਤੀ ਹਾਂ-ਪੱਖੀ ਪਹੁੰਚ ਅਪਣਾਉਣ ਦੀ ਲੋੜ ਹੈ। ਬੈਂਚ ਨੇ ਕਿਹਾ, 'ਸਾਨੂੰ ਖੁਸ਼ੀ ਹੈ ਕਿ ਫੌਜ ਨੇ ਹਾਂ-ਪੱਖੀ ਫੈਸਲਾ ਲਿਆ ਹੈ। ਅਸੀਂ ਸਟੈਂਡ ਤੋਂ ਖੁਸ਼ ਹਾਂ। ਸਾਨੂੰ ਅਗਲੇ ਹਫਤੇ ਸੁਣਵਾਈ ਕਰਨ ਦਿਓ। ਸੁਧਾਰ ਇੱਕੋ ਦਿਨ ਨਹੀਂ ਹੋ ਸਕਦੇ, ਇਹ ਅਸੀਂ ਜਾਣਦੇ ਹਾਂ।' ਇਸ ਮੌਕੇ ਸੁਪਰੀਮ ਕੋਰਟ ਵਕੀਲ ਕੁਸ਼ ਕਾਲੜਾ ਦੀ ਅਰਜ਼ੀ ਉੱਤੇ ਸੁਣਵਾਈ ਕਰ ਰਹੀ ਹੈ, ਜਿਸ ਵਿੱਚ ਇਹ ਮੁੱਦਾ ਉਠਾਇਆ ਗਿਆ ਹੈ ਕਿ ਮਹਿਲਾ ਉਮੀਦਵਾਰਾਂ ਨੂੰ ਐਨ ਡੀ ਏ ਵਿੱਚ ਸਿਰਫ ਲਿੰਗ ਦੇ ਆਧਾਰ ਉੱਤੇ ਦਾਖਲਾ ਨਹੀਂ ਦਿੱਤਾ ਜਾਂਦਾ।

# ਕੈਥਲ ਦੇ ਗੁਰਦੁਆਰੇ ਵਿੱਚ ਗੋਲੀਆਂ ਚੱਲਣ ਕਾਰਨ ਇੱਕ ਜਣੇ ਦੀ ਮੌਤ

* ਕਾਰ ਸੇਵਾ ਦੀ ਪ੍ਰਧਾਨਗੀ ਬਾਰੇ ਝਗੜੇ ਦਾ ਮਾਮਲਾ

ਕੈਥਲ, 9 ਸਤੰਬਰ (ਪੋਸਟ ਬਿਊਰੋ)- ਹਰਿਆਣਾ ਦੇ ਇਸ ਸ਼ਹਿਰ ਦੇ ਡੋਗਰਾ ਗੇਟ ਵਾਲੇਗੁਰਦੁਆਰਾ ਨਿੰਮ ਸਾਹਿਬ ਦੀ ਕਾਰ ਸੇਵਾ ਦੀ ਪ੍ਰਧਾਨਗੀ ਦੇ ਵਿਵਾਦ ਵਿੱਚ ਕੱਲ੍ਹ ਇੱਕ ਧਿਰ ਨੇ ਫਾਇਰਿੰਗ ਕਰ ਦਿੱਤੀ। ਇਸ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈਅਤੇ ਪੰਜ ਜਣੇ ਜ਼ਖਮੀ ਹੋ ਗਏ। ਮ੍ਰਿਤਕ ਦੀ ਪਛਾਣ ਜੀਂਦ ਦੇ ਪਿੰਡ ਦੁੜਾਨਾ ਦੇ ਵਾਸੀ 55 ਸਾਲਾ ਜੋਗਾ ਸਿੰਘ ਦੇ ਰੂਪ ਵਿੱਚ ਹੋਈ ਹੈ। ਉਸ ਦੇ ਪੇਟ ਵਿੱਚ ਗੋਲੀ ਲੱਗੀ ਸੀ। ਸਥਾਨਕ ਪੁਲਸ ਨੇ ਮੌਕੇ ਉੱਤੇ ਕਾਫੀ ਮਾਤਰਾ ਵਿੱਚ ਲਾਠੀਆਂ, ਡੰਡੇ, ਗੰਡਾਸੀਆਂ ਸਮੇਤ ਅਸਲਾ ਬਰਾਮਦ ਕੀਤਾ ਹੈ।

ਅਕਾਲੀ ਦਲ ਹਰਿਆਣਾ ਦੇ ਜਨਰਲ ਸੈਕਟਰੀ ਸੁਖਬੀਰ ਸਿੰਘ ਮਾਂਡੀ ਤੇ ਸਿੱਖ ਸੰਗਤ ਨੇ ਦੱਸਿਆ ਕਿ ਕਾਰ ਸੇਵਾ ਦੇ ਮੁਖੀ ਗੋਪਾਲ ਸਿੰਘ ਉਰਫ ਪਾਲਾ ਰਾਮ ਦਾ ਤਿੰਨ ਮਹੀਨੇ ਪਹਿਲਾਂ ਦੇਹਾਂਤ ਹੋ ਗਿਆ ਸੀ। ਇਸ ਪਿੱਛੋਂ ਸੰਗਤ ਦੀ ਰਾਏ ਨਾਲ ਪਿਹੋਵਾ ਦੂ ਗੁਰਦੁਆਰੇ ਦੇ ਬਾਬਾ ਮਹਿੰਦਰ ਸਿੰਘ ਨੂੰ ਗੁਰਦੁਆਰੇ ਦੀ ਕਾਰ ਸੇਵਾ ਦਾ ਕੰਮ ਸੌਂਪਿਆ ਸੀ। ਸਿੱਲਾਖੇੜਾ ਦਾ ਕੁਲਬੀਰ ਸਿੰਘ ਉਰਫ ਬਿੱਟੂ, ਜੋ ਪਹਿਲਾਂ ਪ੍ਰਧਾਨ ਬਾਬਾ ਗੋਪਾਲ ਸਿੰਘ ਕੋਲ ਡਰਾਈਵਰ ਸੀ, ਪ੍ਰਧਾਨ ਬਣਨਾ ਚਾਹੁੰਦਾ ਸੀ। ਇਸ ਮਕਸਦ ਨਾਲ ਉਸ ਨੇ ਗੁਰਦੁਆਰੇ ਦੇ ਦੋ ਕਮਰਿਆਂ ਉੱਤੇ ਕਬਜ਼ਾ ਕਰ ਲਿਆ ਸੀ। ਕੱਲ੍ਹ ਜਦੋਂ ਸੰਗਤ ਨੇ ਉਸ ਨੂੰ ਕਮਰਾ ਖਾਲੀ ਕਰਨ ਲਈ ਕਿਹਾ ਤਾਂ ਉਸ ਨੇ ਫਾਇਰਿੰਗ ਕਰ ਦਿੱਤੀ।



# ਸੁਪਰੀਮ ਕੋਰਟ ਨੇ ਪੱਤਰਕਾਰਾਂ ਨੂੰ ਸਿੱਧੇ ਏਥੇ ਆਉਣ ਦੀ ਬਜਾਏ ਹਾਈ ਕੋਰਟ ਜਾਣ ਨੂੰ ਕਿਹਾ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਪ੍ਰੈਸ ਦੀ ਆਜ਼ਾਦੀ ਉੱਤੇ ਲਗਾਮ ਲਾਉਣਾ ਜਾਂ ਉਸ ਨੂੰ ਦਬਾਉਣਾ ਨਹੀਂ ਚਾਹੁੰਦੀ, ਪਰ ਪੱਤਰਕਾਰਾਂ ਲਈ ਉਨ੍ਹਾਂ ਖਿਲਾਫ ਦਰਜ ਹੋਈਸ਼ਿਕਾਇਤ ਰੱਦ ਕਰਾਉਣ ਲਈ ਸਿੱਧੇ ਏਥੇ ਆਉਣ ਦਾ ਰਸਤਾ ਵੀ ਨਹੀਂ ਖੋਲ੍ਹ ਸਕਦੀ। ਇਸ ਦੇ ਨਾਲ ਸੁਪਰੀਮ ਕੋਰਟ ਨੇ ਆਪਣੇ ਖਿਲਾਫ ਉੱਤਰ ਪ੍ਰਦੇਸ਼ ਵਿੱਚ ਦਰਜ ਸ਼ਿਕਾਇਤਵਿਰੁੱਧ ਪੁੱਜੇ ਪੱਤਰਕਾਰਾਂ ਨੂੰ ਇਲਾਹਾਬਾਦ ਹਾਈ ਕੋਰਟ ਜਾਣ ਨੂੰ ਕਿਹਾ ਹੈ।ਇਹ ਗੱਲਾਂ ਕੋਰਟ ਨੇਡਿਜੀਟਲ ਨਿਊਜ਼ ਪੋਰਟਲ ਵਿੱਚ 'ਵਾਇਰ' ਦੇ ਪ੍ਰਕਾਸ਼ਕ ਫਾਊਂਡੇਸ਼ਨ ਫਾਰ ਇੰਡੀਪੈਂਡੈਂਟ ਜਰਨਲਿਜ਼ਮ ਅਤੇ ਉਸ ਦੇ ਤਿੰਨ ਪੱਤਰਕਾਰਾਂ ਦੀ ਪਟੀਸ਼ਨ ਉੱਤੇ ਸੁਣਵਾਈ ਦੌਰਾਨ ਕਹੀਆਂ ਹਨ।

ਇਨ੍ਹਾਂ ਪੱਤਰਕਾਰਾਂ ਵਿੱਚ ਸਿਰਾਜ ਅਲੀ, ਮੁਕੁਲ ਸਿੰਘ ਚੌਹਾਨ ਅਤੇ ਇਸ਼ਮਤ ਆਰਾ ਸ਼ਾਮਲ ਹਨ, ਜਿਨ੍ਹਾਂ ਨੇ ਇਸ ਪਟੀਸ਼ਨ ਵਿੱਚ ਆਪਣੇ ਖਿਲਾਫ ਉਤਰ ਪ੍ਰਦੇਸ਼ ਦੇ ਰਾਮਪੁਰ, ਗਾਜ਼ੀਆਬਾਦ ਅਤੇ ਬਾਰਾਬੰਕੀ ਵਿੱਚ ਦਰਜ ਤਿੰਨ ਸ਼ਿਕਾਇਤਾਂ ਰੱਦ ਕਰਨ ਦੀ ਮੰਗ ਕੀਤੀ ਸੀ। ਜਸਟਿਸ ਐਲ ਨਾਗੇਸ਼ਵਰ ਰਾਓ ਅਤੇ ਜਸਟਿਸ ਬੀ ਆਰ ਨਾਰਤਨਾ ਦੇ ਬੈਂਚ ਨੇ ਉਨ੍ਹਾਂ ਨੂੰ ਹਾਈ ਕਰੋਰਟ ਜਾਣ ਲਈ ਕਹਿੰਦੇ ਹੋਏ ਦੋ ਮਹੀਨੇ ਲਈ ਗ੍ਰਿਫਤਾਰੀ ਤੋਂ ਛੋਟ ਦੇ ਦਿੱਤੀ ਹੈ। ਵਕੀਲ ਸ਼ਾਦਾਨ ਫਰਾਸਤ ਦੇ ਰਾਹੀਂ ਦਾਖਲ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਤਿੰਨੇਸ਼ਿਕਾਇਤਾਂ ਵੱਖ-ਵੱਖ ਘਟਨਾਵਾਂ ਦੀ ਰਿਪੋਰਟਿੰਗ ਤੇ ਲੋਕਾਂ ਨਾਲ ਜੁੜੇ ਮੁੱਦੇ ਚੁੱਕਣ ਕਾਰਨ ਦਰਜ ਕੀਤੀਆਂ ਗਈਆਂ ਹਨ। ਰਾਮ-ਪੁਰ ਵਿੱਚ ਸ਼ਿਕਾਇਤ ਜਨਵਰੀ ਵਿੱਚ ਅਤੇ ਬਾਕੀ ਦੀਆਂ ਦੋ ਸ਼ਿਕਾਇਤਾਂਇਸ ਸਾਲ ਜੂਨ ਵਿੱਚ ਦਰਜ ਕੀਤੀਆਂ ਗਈਆਂ ਹਨ।

# ਡੋਰ-ਟੂ-ਡੋਰ ਟੀਕਾਕਰਨ ਦਾ ਹੁਕਮ ਦੇਣ ਤੋਂ ਸੁਪਰੀਮ ਕੋਰਟ ਦੀ ਨਾਂਹ



ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਘਰ-ਘਰ ਜਾ ਕੇ ਟੀਕਾਕਰਨ ਕੀਤੇ ਜਾਣ ਦਾ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਮੁਸ਼ਕਲ ਹੋ ਸਕਦੀ ਹੈ, ਇਸ ਦੇਸ਼ ਵਿੱਚ ਘਰ-ਘਰ ਜਾ ਕੇ ਟੀਕਾਕਰਨ ਕਰਨਾ ਆਸਾਨ ਕੰਮ ਨਹੀਂ ਹੈ।

ਘਰ-ਘਰ ਜਾ ਕੇ ਕੋਵਿਡ ਟੀਕਾਕਰਨ ਕਰਨ ਦੀ ਮੰਗ ਵਾਲੀ ਪਟੀਸ਼ਨ ਉੱਤੇ ਵਿਚਾਰ ਕਰਨਬਾਰੇ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਹੈ ਕਿ ਦੇਸ਼ ਵਿੱਚ ਕੋਵਿਡ ਦੀਆਂ ਵੱਖ-ਵੱਖ ਸਥਿਤੀਆਂ ਤੇ ਪ੍ਰਸ਼ਾਸਨਿਕ ਮੁਸ਼ਕਲਾਂ ਨੂੰ ਦੇਖਦੇ ਹੋਏ ਡੋਰ-ਟੂ-ਡੋਰ ਟੀਕਾਕਰਨ ਦੇ ਹੁਕਮ ਦੇਣਾ ਸੰਭਵ ਨਹੀਂ, ਖ਼ਾਸ ਤੌਰ ਉੱਤੇ ਉਦੋਂ ਜਦੋਂ ਦੇਸ਼ ਵਿੱਚ ਟੀਕਾਕਰਨ ਮੁਹਿੰਮ ਸਹੀ ਢੰਗ ਨਾਲ ਚੱਲ ਰਹੀ ਹੈ। ਸੁਪਰੀਮ ਕੋਰਟ ਨੇ ਕਿਹਾ ਏਦਾਂ ਦੇ ਹੁਕਮ ਕੇਂਦਰ ਸਰਕਾਰ ਦੀਆਂ ਪ੍ਰਸ਼ਾਸਨਿਕ ਜ਼ਰੂਰਤਾਂ ਤੇ ਨੀਤੀਗਤ ਫ਼ੈਸਲਿਆਂ ਨੂੰ ਦੇਖਦੇ ਹੋਏ ਜਾਰੀ ਨਹੀਂ ਕੀਤੇ ਜਾ ਸਕਦੇ।ਜਸਟਿਸ ਡੀਵਾਈ ਚੰਦਰਚੂੜ ਦੇ ਬੈਂਚ ਨੇ ਕਿਹਾ ਕਿ ਏਦਾਂ ਦੀਆਂ ਪਟੀਸ਼ਨਾਂ ਪੇਸ਼ ਕਰਦੇ ਸਮੇਂ ਦਿਮਾਗ਼ ਨਹੀਂ ਵਰਤਦੇ। ਬਾਂਬੇ ਹਾਈ ਕੋਰਟ ਨੇ ਹੁਕਮ ਜਾਰੀ ਕੀਤਾ ਸੀ ਕਿ ਜੋ ਲੋਕ ਨਹੀਂ ਜਾ ਸਕਦੇ, ਉਨ੍ਹਾਂ ਦੇ ਘਰ ਜਾ ਕੇ ਟੀਕਾਕਰਨ ਕੀਤਾ ਜਾਵੇ, ਪਰ ਦੇਸ਼ ਵਿੱਚ ਵੱਖ-ਵੱਖ ਥਾਵਾਂ ਵਿੱਚ ਹਾਲਾਤ ਵੱਖ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਲੱਦਾਖ, ਕੇਰਲ, ਉੱਤਰ ਪ੍ਰਦੇਸ਼ ਅਤੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਹਾਲਾਤ ਵੱਖ ਹਨ। ਇਸ ਤਰ੍ਹਾਂ ਦੇਸ਼ ਦੀ ਵੱਖ-ਵੱਖਹਾਲਾਤ ਨੂੰ ਦੇਖਣਾ ਚਾਹੀਦਾ ਹੈ।

# ਇਕਬਾਲ ਸਿੰਘ ਲਾਲਪੁਰਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਿਯੁਕਤ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਏ ਆਈ ਜੀ ਅਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨੂੰ ਕੌਮੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ ਹੈ।

ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਇਕਬਾਲ ਸਿੰਘ ਲਾਲਪੁਰਾ ਪੰਜਾਬ ਦੇ ਰੋਪੜ ਜ਼ਿਲੇ ਦੇ ਵਸਨੀਕ ਹਨ ਤੇ ਸਿੱਖ ਭਾਈਚਾਰੇ ਵਿੱਚੋਂ ਹਨ। ਉਨ੍ਹਾ ਨੇ ਸਿੱਖ ਫਲਾਸਫੀ ਅਤੇ ਇਤਿਹਾਸ ਬਾਰੇ ਕਈ ਕਿਤਾਬਾਂ ਲਿਖੀਆਂ ਹਨ। ਇਸ ਤੋਂ ਪਹਿਲਾਂ ਉਹਪ੍ਰੈਜ਼ੀਡੈਂਟਸ ਪੁਲਸ ਮੈਡਲ ਸਣੇ ਕਈ ਇਨਾਮ ਹਾਸਲ ਕਰ ਚੁੱਕੇ ਹਨ, ਜਿਨ੍ਹਾਂ ਨੂੰ ਪੁਲਸ ਮੈਡਲ ਸਲਾਹੁਣ ਯੋਗ ਸੇਵਾ ਬਦਲੇ, ਸ਼੍ਰੋਮਣੀ ਸਿੱਖ ਸਹਿਤਕਾਰ ਐਵਾਰਡ ਅਤੇ ਸਿੱਖ ਸਕਾਲਰ ਪੁਰਸਕਾਰ ਮਿਲ ਚੁੱਕੇ ਹਨ। ਘੱਟ ਗਿਣਤੀਆਂ ਦੇ ਕੌਮੀ ਕਮਿਸ਼ਨ (ਐਨ ਸੀ ਐਮ) ਦੀ ਵੈਬਸਾਈਟ ਅਨੁਸਾਰ ਕਮਿਸ਼ਨ ਦੇ ਵਾਈਸ ਚੇਅਰਪਰਸਨ ਆਤਿਫ ਰਸ਼ੀਦ ਹਨ, ਜਦਕਿ ਪੰਜ ਮੈਂਬਰਾਂ ਦੀਆਂ ਪੋਸਟਾਂ ਖਾਲੀ ਹਨ। ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਪਿੱਛੇ ਜਿਹੇ ਇਹ ਪੁੱਛਿਆ ਸੀ ਕਿ ਐਨ ਸੀ ਐਮ ਦੀਆਂ ਸੱਤ ਪੋਸਟਾਂ ਵਿੱਚੋਂ ਛੇ ਖਾਲੀ ਕਿਉਂ ਹਨ।ਸ੍ਰੀ ਅਨੰਦਪੁਰ ਸਾਹਿਬ ਤੋਂ ਉਘੇ ਸਿੱਖ ਵਿਦਵਾਨ ਅਤੇ ਸੇਵਾ-ਮੁਕਤ ਆਈ ਪੀ ਐਸ ਅਧਿਕਾਰੀ ਇਕਬਾਲ ਸਿੰਘ ਲਾਲਪੁਰਾ ਨੇ ਸਿੱਖਾਂ ਦੇ ਇਤਿਹਾਸ ਬਾਰੇ 14 ਕਿਤਾਬਾਂ ਲਿਖੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਤੋਂ ਸ਼੍ਰੋਮਣੀ ਸਿੱਖ ਸਾਹਿਤਕਾਰ ਦਾ ਸਨਮਾਨ ਮਿਲਿਆ ਹੋਇਆ ਹੈ। ਉਨ੍ਹਾਂ ਦੀ ਧਰਮਪਤਨੀ ਹਰਦੀਪ ਕੌਰ ਤੇ ਬੇਟਾ ਅਜੇਵੀਰ ਸਿੰਘ ਲਾਲਪੁਰਾ ਇਲਾਕੇ ਅੰਦਰ 'ਇਨਸਾਨੀਅਤ ਪਹਿਲਾਂ'ਨਾਮ ਦੀਸੰਸਥਾ ਚਲਾ ਰਹੇ ਹਨ, ਜਿਸ ਨਾਲ ਲੋੜਵੰਦਾਂ ਦੀ ਮੱਦਦ ਕੀਤੀ ਜਾਂਦੀ ਹੈ।

# ਦਿੱਲੀ ਵਿੱਚ ਟਰੈਕਟਰ ਪਰੇਡ ਦੌਰਾਨ ਲਾਪਤਾ ਹੋਇਆ ਨੌਜਵਾਨ ਸਾਢੇ ਸੱਤ ਮਹੀਨਿਆਂ ਪਿੱਛੋਂ ਲੱਭਾ



ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਇਸ ਸਾਲ 26 ਜਨਵਰੀ ਨੂੰ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਕੱਢੀ ਗਈ ਕਿਸਾਨਾਂ ਦੀ ਟਰੈਕਟਰ ਪਰੇਡ ਦੌਰਾਨਲਾਪਤਾ ਹੋਇਆ ਹਰਿਆਣੇ ਦੇ ਪਿੰਡ ਕੰਡੇਲਾ ਦਾ 28 ਸਾਲਾ ਨੌਜਵਾਨ ਬਜਿੰਦਰ ਕਰੀਬ ਸਾਢੇ ਸੱਤ ਮਹੀਨਿਆਂ ਬਾਅਦ ਬੀਤੇ ਦਿਨੀਂ ਆਪਣੇ ਘਰ ਪਹੁੰ-ਚਆ ਹੈ।

ਪਤਾ ਲੱਗਾ ਹੈ ਕਿ ਉਸ ਨੂੰ ਇੱਕ ਗ਼ੈਰ ਸਰਕਾਰੀ ਸੰਸਥਾ ਦੇ ਵਰਕਰਾਂ ਨੇ ਉਸ ਦੇ ਘਰ ਪੁਚਾਇਆ ਹੈ। ਆਸ਼ਰਮ ਅਧਿਕਾਰ ਅਭਿਆਨ ਸੰਸਥਾ ਦੇ ਮੁਖੀ ਸਾਜਨ ਲਾਲ ਦੇ ਮੁਤਾਬਕ ਬਜਿੰਦਰ ਉਨ੍ਹਾਂ ਨੂੰ ਫ਼ਰਵਰੀ ਵਿੱਚ ਦਿੱਲੀ ਦੇ ਕਸ਼ਮੀਰੀ ਗੇਟ ਕੋਲ ਇੱਕ ਫ਼ਲਾਈ ਓਵਰ ਦੇ ਹੇਠਾਂ ਨਗਨ ਅਵਸਥਾ ਵਿੱਚ ਮਿਲਿਆ ਸੀ, ਜਿਸ ਦੇ ਪੈਰ ਸੁੱਜੇ ਹੋਏ ਸਨ ਅਤੇ ਉਸ ਦੇ ਸਰੀਰ ਉਤੇ ਸੱਟਾਂ ਦੇ ਨਿਸ਼ਾਨ ਸਨ। ਉਨ੍ਹਾਂ ਕਿਹਾ, 'ਉਸ ਦੀ ਮਾਨਸਿਕ ਹਾਲਤ ਚੰਗੀ ਨਹੀਂ ਸੀ। ਫਿਰ ਸੰਸਥਾ ਨੇ ਉਸ ਨੂੰ ਇਲਾਜ ਲਈ ਹਸਪਤਾਲਦਾਖ਼ਲ ਕਰਵਾਇਆ। ਕੁਝ ਦਿਨ ਪਹਿਲਾਂ ਉਸ ਨੇ ਆਪਣੇ ਪਰਵਾਰ ਬਾਰੇ ਦੱਸਿਆ ਤਾਂ ਕੱਲ੍ਹ ਉਸ ਨੂੰ ਘਰ ਪੁਚਾਇਆ ਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਇਲਾਜ ਅਜੇ ਵੀ ਜਾਰੀ ਹੈ। ਕੰਡੇਲਾ ਪਿੰਡ ਦੇ ਵੱਡੀ ਗਿਣਤੀ ਪਿੰਡ ਵਾਸੀਆਂ ਨੇ ਬਜਿੰਦਰ ਦੀ ਭਾਲ ਲਈ 11 ਜੂਨ ਨੂੰ ਓਦੋਂ ਦੇ ਡਿਪਟੀ ਕਮਿਸ਼ਨਰ ਆਦਿਤਿਆ ਦਹੀਆ ਤੱਕ ਪਹੁੰਚਕੀਤੀ ਸੀ। ਫਿਰ ਪੁਲਸ ਪਿੰਡ ਵਾਸੀਆਂ ਨੂੰ ਲੈ ਕੇ ਦਿੱਲੀ ਵੀ ਗਈ, ਪਰ ਉਹ ਨਹੀਂ ਮਿਲਿਆ ਸੀ। ਬੀਤੀ 26 ਜਨਵਰੀ ਮੌਕੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਨੇ ਟਰੈਕਟਰ ਪਰੇਡ ਕੱਢੀ ਸੀ, ਜਿਸ ਵਿੱਚ ਹਿੰਸਾ ਭੜਕ ਗਈ ਸੀ।

# ਭਾਰਤ ਵਿੱਚ ਪਹਿਲੀ ਵਾਰ ਨਿੱਜੀ ਕੰਪਨੀ ਫੌਜੀ ਜਹਾਜ਼ ਬਣਾਏਗੀ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਹਵਾਈ ਫੌਜ ਦੇ ਕੋਲ ਮੌਜੂਦ ਪੁਰਾਣੇ ਜਹਾਜ਼ਾਂ ਦੀ ਥਾਂ ਨਵੇਂ ਟਰਾਂਸਪੋਰਟ ਜਹਾਜ਼ ਦੇਣ ਦਾ ਫੈਸਲਾ ਲਿਆ ਹੈ ਅਤੇ ਇਸ ਮਕਸਦ ਲਈ ਸਰਕਾਰ ਸਪੇਨ ਦੀ ਕੰਪਨੀ ਏਅਰਬੱਸ ਤੋਂ 56 ਟਵਿਨ-ਟਰਬੋਪ੍ਰਾਪ ਸੀ-295 ਜਹਾਜ਼ ਖਰੀਦੇਗੀ।

ਸੁਰੱਖਿਆ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਕੱਲ੍ਹ ਜਹਾਜ਼ਾਂ ਦੀ ਖਰੀਦ ਨੂੰ ਮਨਜ਼ੂਰੀ ਦਿੱਤੀ, ਹੈ ਜਿਸ ਦੇ ਬਾਰੇ ਰੱਖਿਆ ਮੰਤਰਾਲੇ ਦੇ ਬਿਆਨ ਅਨੁਸਾਰ 'ਏਅਰਬੱਸ ਡਿਫੈਂਸ ਐਂਡ ਸਪੇਸ ਤੋਂ 16 ਜਹਾਜ਼ ਖਰੀਦੇ ਜਾਣਗੇ, ਜਦ ਕਿ 40 ਦਾ ਕੰਮ ਭਾਰਤ ਵਿੱਚ ਹੀ ਏਅਰਸਪੇਸ ਕੰਪਨੀ ਟਾਟਾ ਦੇ ਨਾਲ ਕੰਸਟੋਰੀਅਮ ਵੱਲੋਂ ਕੀਤਾ ਜਾਏਗਾ।ਮੰਤਰਾਲੇ ਨੇ ਕਿਹਾ, "ਇਹ ਆਪਣੀ ਤਰ੍ਹਾਂ ਦੀ ਪਹਿਲੀ ਯੋਜਨਾ ਹੈ, ਜਿਸ ਵਿੱਚ ਨਿੱਜੀ ਕੰਪਨੀ ਭਾਰਤ ਦੇ ਫੌਜੀ ਜਹਾਜ਼ ਬਣਾਵੇਗੀ। ਕੁੱਲ 56 ਜਹਾਜ਼ਾਂ ਵਿੱਚ ਦੇਸੀ ਇਲੈਕਟ੍ਰਾਨਿਕ ਯੁੱਧ ਜੰਤਰ ਲਾਇਆ ਜਾਏਗਾ।' ਸੀ-295 ਐਮ ਡਬਲਯੂ ਨਵੀਂ ਤਕਨੀਕ ਵਾਲਾ 5 ਤੋਂ 10 ਟਨ ਸਮਰੱਥਾ ਦਾ ਟਰਾਂਸਪੋਰਟ ਜਹਾਜ਼ ਹੈ। ਇਹ ਹਵਾਈ ਫੌਜ ਦੇ ਪੁਰਾਣੇ ਐਵਰੋ ਜਹਾਜ਼ ਦੀ ਜਗ੍ਹਾ ਲਵੇਗਾ।

ਰੱਖਿਆ ਮੰਤਰਾਲੇ ਅਨੁਸਾਰ ਸਮਝੌਤਾ ਹੋਣ ਦੇ 48 ਮਹੀਨਿਆਂ ਦੇ ਅੰਦਰ ਸਪੇਨ ਤੋਂ 16 ਜਹਾਜ਼ ਉਡਾਣ ਭਰਨ ਦੀ ਸਥਿਤੀ ਵਿੱਚ ਹੋ ਜਾਣਗੇ ਅਤੇ ਸਮਝੌਤੇ ਦੀ ਤਰੀਕ ਤੋਂ 10 ਸਾਲ ਦੇ ਅੰਦਰ ਟਾਟਾ ਕੰਸਟੋਰੀਅਮ ਦੇਸ਼ ਵਿੱਚ ਚਾਲੀ ਜਹਾਜ਼ ਬਣਾ ਦੇਵੇਗਾ। ਇਸ ਪ੍ਰੋਜੈਕਟ ਨਾਲ ਦੇਸ਼ ਦੇ ਏਅਰੋਸਪੇਸ ਵਿੱਚ ਰੋਜ਼ਗਾਰ ਪੈਦਾ ਕਰਨ ਵਿੱਚ ਮਦਦ ਮਿਲੇਗੀ। ਆਸ ਹੈ ਕਿ ਸਿੱਧੇ 600 ਉਚ ਕੁਸ਼ਲ ਰੋਜ਼ਗਾਰ, 3000 ਤੋਂ ਵੱਧ ਅਪ੍ਰਤੱਖ ਰੋਜ਼ਗਾਰ ਅਤੇ 3000 ਮੱਧਮ ਕੌਸ਼ਲ ਰੋਜ਼ਗਾਰ ਦੇ ਮੌਕੇ ਪੈਦਾ ਹੋਣਗੇ, ਜਿਸ ਨਾਲ ਦੇਸ਼ ਦੇ ਨੌਜਵਾਨਾਂ ਨੂੰ ਲਾਭ ਹੋਵੇਗਾ

# ਪੈਗਾਸਸ ਮੁੱਦੇ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ 13 ਸਤੰਬਰ ਤਕ ਮੁਲਤਵੀ



ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਪੈਗਾਸਸ ਜਾਸੂਸੀ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ ਕਰਦੀਆਂ ਪਟੀਸਨਾਂ ਉੱਤੇ ਸੁਣਵਾਈ ਅਗਲੀ ਪੇਸ਼ੀ 13 ਸਤੰਬਰ ਤਕ ਮਲਤਵੀ ਕਰ ਦਿੱਤੀ ਹੈ।

ਇਸ ਮੌਕੇ ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਇਸ ਮਾਮਲੇ ਉੱਤੇ ਆਪਣਾ ਜਵਾਬ ਦਾਇਰ ਕਰਨ ਲਈ ਕੁਝ ਵਾਧੂ ਸਮਾਂ ਦੇਣ ਦਾ ਫ਼ੈਸਲਾ ਕੀਤਾ ਹੈ।ਚੀਫ਼ ਜਸਟਿਸ ਐਨਵੀ ਰਮੰਨਾ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ 17 ਅਗਸਤ ਨੂੰ ਪਟੀਸ਼ਨਾਂ ਉੱਤੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਸੀ, ਪਰਸਰਕਾਰ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਨਹੀਂ ਚਾਹੁੰਦੀ ਕਿ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੇ ਕਿਸੇ ਨੁਕਤੇ ਦਾ ਖੁਲਾਸਾ ਕਰੇ। ਕੱਲ੍ਹ ਜਦੋਂ ਅਦਾਲਤ ਨੇ ਸੁਣਵਾਈ ਸ਼ੁਰੂ ਕੀਤੀ ਤਾਂ ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕੁਝ ਹੋਰ ਸਮਾਂ ਮੰਗਦਿਆਂ ਕਿਹਾ, 'ਕੁਝ ਮੁਸ਼ਕਲਾਂ ਦੇ ਕਾਰਨ ਐਫੀਡੇਵਿਟ ਦਾਇਰ ਨਹੀਂ ਕੀਤਾ ਜਾ ਸਕਿਆ ਤੇ ਕੇਸ ਦੀ ਸੂਚੀ ਦੋ ਦਿਨਾਂ ਵਿੱਚ ਮੰਗੀ ਜਾਵੇਗੀ।' ਸੀਨੀਅਰ ਪੱਤਰਕਾਰ ਐਨ ਰਾਮ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਇਸ ਬੇਨਤੀ ਉੱਤੇਉਨ੍ਹਾਂ ਨੂੰ ਕੋਈ ਇਤਰਾਜ ਨਹੀਂ।' ਅਦਾਲਤ 12 ਪਟੀਸ਼ਨਾਂ ਉੱਤੇ ਸੁਣਵਾਈ ਕਰ ਰਹੀ ਹੈ, ਜਿਨ੍ਹਾਂ ਵਿੱਚ ਐਡੀਟਰਜ਼ ਗਿਲਡ ਆਫ਼ ਇੰਡੀਆ ਵੱਲੋਂ ਦਾਇਰ ਪਟੀਸ਼ਨ ਵੀ ਸ਼ਾਮਲ ਹੈ, ਜੋ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ ਕਰਦੀਆਂ ਹਨ।

# ਜਾਂਚ ਕਮਿਸ਼ਨ ਵੱਲੋਂ ਮੁੰਬਈ ਦੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਜ਼ਮਾਨਤੀ ਵਾਰੰਟ ਜਾਰੀ

ਮੁੰਬਈ, 8 ਸਤੰਬਰ (ਪੋਸਟ ਬਿਊਰੋ)- ਸੇਵਾਮੁਕਤ ਹਾਈ ਕੋਰਟ ਦੇ ਜੱਜ ਦੀ ਅਗਵਾਈ ਹੇਠਲੇ ਜਾਂਚ ਕਮਿਸ਼ਨ ਨੇ ਕੱਲ੍ਹ ਮੁੰਬਈ ਦੇ ਸਾਬਕਾ ਪੁਲਸ ਕਮਿਸ਼ਨਰ ਪਰਮਬੀਰ ਸਿੰਘ ਦੇ ਵਾਰੰਟ ਜਾਰੀ ਕੀਤੇ ਹਨ ਕਿਉਂਕਿ ਉਹ ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਇਸ ਜਾਂਚ ਕਮਿਸ਼ਨ ਦੇ ਕੋਲ ਪੇਸ਼ ਨਹੀਂ ਹੋਏ।

ਸਰਕਾਰੀ ਵਕੀਲ ਨੇ ਦੱਸਿਆ ਕਿ ਇਸ ਸਾਲ ਮਾਰਚ ਵਿੱਚ ਮਹਾਰਾਸ਼ਟਰ ਸਰਕਾਰ ਨੇ ਪਰਮਬੀਰ ਸਿੰਘ ਵੱਲੋਂ ਸੂਬੇ ਦੇ ਓਦੋਂ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖਖਿਲਾਫ ਲਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਜਸਟਿਸ ਕੈਲਾਸ਼ ਉਤਮਚੰਦ ਉੱਤੇ ਆਧਾਰਤ ਇੱਕ ਮੈਂਬਰ ਕਮਿਸ਼ਨ ਬਣਾਇਆ ਸੀ। ਕਈ ਵਾਰ ਪਰਮਬੀਰ ਸਿੰਘ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਗਏ, ਪਰ ਉਹ ਪੇਸ਼ ਨਾ ਹੋਏ ਤਾਂ ਉਨ੍ਹਾਂ ਖਿਲਾਫ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ।

ਵਰਨਣ ਯੋਗ ਹੈ ਕਿ ਕਮਿਸ਼ਨ ਨੇ ਪੇਸ਼ ਨਾ ਹੋਣ ਕਾਰਨ ਪਰਮਬੀਰ ਸਿੰਘ ਨੂੰ ਤਿੰਨ ਵਾਰ ਜੁਰਮਾਨਾ ਵੀ ਲਾਇਆ ਸੀ। ਇਸ ਕੇਸ ਦੇ ਸ਼ੁਰੂ ਹੋਣ ਦੇ ਕੁਝ ਦਿਨਾਂ ਮਗਰੋਂ ਪਰਮਬੀਰ ਸਿੰਘ ਨੂੰ ਮੁੰਬਈ ਪੁਲਸ ਕਮਿਸ਼ਨਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਅਤੇ ਮਾਰਚ ਵਿੱਚ ਉਨ੍ਹਾਂ ਦਾ ਤਬਾਦਲਾ ਹੋਮਗਾਰਡਜ਼ ਵਿੱਚ ਕਰ ਦਿੱਤਾ ਗਿਆ ਸੀ। ਪਰਮਬੀਰ ਸਿੰਘ ਨੇ ਮੁੱਖ ਮੰਤਰੀ ਉਧਵ ਠਾਕਰੇ ਨੂੰ ਲਿਖੀ ਚਿੱਠੀ ਵਿੱਚ ਦਾਅਵਾ ਕੀਤਾ ਸੀ ਕਿ ਓਦੋਂ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਪੁਲਸ ਦੇ ਅਫਸਰਾਂ ਨੂੰ ਮੁੰਬਈ ਵਿਚਲੇ ਰੈਸਟੋਰੈਂਟਾਂਅਤੇ ਬਾਰ ਦੇ ਮਾਲਕਾਂ ਤੋਂ ਪੈਸਿਆਂ ਦੀ ਵਸੂਲੀ ਕਰਨ ਲਈ ਆਖਦੇ ਸਨ। ਐਨ ਸੀ ਪੀ ਆਗੂ ਦੇਸ਼ਮੁਖ ਨੇ ਇਹ ਦੋਸ਼ ਲੱਗਣ ਤੋਂ ਬਾਅਦ ਅਪ੍ਰੈਲ ਵਿੱਚ ਸੂਬੇ ਦੇ ਗ੍ਰਹਿ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਦੋਸ਼ ਨਕਾਰ ਦਿੱਤੇ ਸਨ। ਇਸ ਮਾਮਲੇ ਦੀ ਜਾਂਚ ਸੀ ਬੀ ਆਈ ਅਤੇ ਈ ਡੀ ਕਰ ਰਹੇ ਹਨ।

# ਅਕਸ਼ੈ ਕੁਮਾਰ, ਸਲਮਾਨ ਸਮੇਤ 38 ਕਲਾਕਾਰਾਂ ਉੱਤੇ ਕੇਸ ਦਰਜ

* ਗੈਂਗਰੇਪ ਦੀ ਸ਼ਿਕਾਰ ਲੜਕੀ ਦੀ ਪਛਾਣ ਜ਼ਾਹਰ ਕਰਨ ਦਾ ਦੋਸ਼

ਨਵੀਂ ਦਿੱਲੀ, 8 ਸਤੰਬਰ (ਪੋਸਟ ਬਿਊਰੋ)- ਗੈਂਗਰੇਪ ਦੀ ਸ਼ਿਕਾਰ ਲੜਕੀ ਦੀ ਪਛਾਣ ਉਜਾਗਰ ਕਰਨ ਕਰ ਕੇ ਅਭਿਨੇਤਾ ਸਲਮਾਨ ਖ਼ਾਨ, ਅਕਸ਼ੈ ਕੁਮਾਰ ਤੇ ਅਜੇ ਦੇਵਗਨ ਸਮੇਤ 38 ਫਿਲਮੀ ਸਿਤਾਰਿਆਂ ਉੱਤੇ ਕੇਸ ਦਰਜ ਹੋ ਗਿਆ ਹੈ। ਇਨ੍ਹਾਂ ਵਿੱਚ ਦੱਖਣ ਭਾਰਤੀ ਫਿਲਮਾਂ ਦੇ ਕਲਾਕਾਰ ਵੀ ਸ਼ਾਮਲ ਹਨ।

ਦਿੱਲੀ ਦੇ ਇੱਕ ਵਕੀਲ ਵੱਲੋਂ ਦਰਜ ਕਰਾਏ ਇਸ ਕੇਸ ਦੇ ਵੇਰਵੇ ਅਨੁਸਾਰ ਕਰੀਬ 3 ਸਾਲ ਪਹਿਲਾਂ ਹੈਦਰਾਬਾਦ ਵਿੱਚਚਾਰ ਲੋਕਾਂ ਨੇ ਇੱਕ ਸੜਕ ਉੱਤੇ ਸਕੂਟੀ ਉੱਤੇ ਜਾਂਦੀ ਲੜਕੀ ਨੂੰ ਅਗਵਾ ਕਰਕੇ ਗੈਂਗਰੇਪ ਕੀਤਾ ਸੀ। ਇਸ ਪਿੱਛੋਂ ਉਸ ਲੜਕੀ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਇਸ ਖ਼ਬਰ ਦੇ ਆਉਣ ਪਿੱਛੋਂ ਪੂਰੇ ਦੇਸ਼ ਵਿੱਚ ਹੰਗਾਮਾ ਖੜ੍ਹਾ ਹੋ ਗਿਆ ਅਤੇ ਲੋਕਾਂ ਨੇ ਸੋਸ਼ਲ ਮੀਡੀਆ ਵਿੱਚ ਪੀੜਤਾ ਦੇ ਹੱਕ ਵਿੱਚ ਆਵਾਜ਼ ਚੁੱਕੀ ਸੀ। ਇਸ ਦੌਰਾਨ ਕਈ ਫਿਲਮੀ ਹਸਤੀਆਂ ਨੇ ਇਸ ਰੇਪ ਕੇਸ ਉੱਤੇ ਸੋਸ਼ਲ ਮੀਡੀਆ ਵਿੱਚ ਆਪਣੇ ਵਿਚਾਰ ਰੱਖਦੇ ਹੋਏ ਇਨ੍ਹਾਂ ਸਿਤਾਰਿਆਂ ਨੇ ਇੱਕ ਗਲਤੀ ਕਰ ਦਿੱਤੀ ਕਿ ਉਨ੍ਹਾਂ ਨੇ ਪੀੜਤਾ ਦੀ ਪਛਾਣ ਜ਼ਾਹਰ ਕਰ ਦਿੱਤੀ ਸੀ। ਕਾਨੂੰਨ ਅਨੁਸਾਰ ਰੇਪ ਪੀੜਤਾ ਦੀ ਪਛਾਣ ਨੂੰ ਉਜਾਗਰ ਕਰਨਾ ਜੁਰਮ ਹੈ। ਇਸ ਕੇਸ ਵਿੱਚ ਜਿਨ੍ਹਾਂ ਵੱਡੇ ਸਿਤਾਰਿਆਂ ਉੱਤੇ ਕੇਸ ਦਰਜ ਹੋਇਆ ਹੈ, ਉਨ੍ਹਾਂ ਵਿੱਚ ਸਲਮਾਨ ਖ਼ਾਨ ਤੇ ਅਕਸ਼ੈ ਕੁਮਾਰ ਦੇ ਨਾਲ ਅਜੇ ਦੇਵਗਨ, ਅਨੁਪਮ ਖੇਰ, ਰਕੁਲਪ੍ਰੀਤ ਸਿੰਘ ਅਤੇ ਫਰਹਾਨ ਅਖਤਰ ਦੇ ਨਾਂ ਸ਼ਾਮਲ ਹਨ।

# ਚੋਣਾਂ ਜਿੱਤਣ ਦੇ ਲਈ ਮਾਇਆਵਤੀ ਵੱਲੋਂ ਦਲਿਤ-ਬ੍ਰਾਹਮਣ ਏਕਤਾ ਦਾ ਸੱਦਾ

ਲਖਨਊ, 8 ਸਤੰਬਰ (ਪੋਸਟ ਬਿਊਰੋ)- ਬਹੁਜਨ ਸਮਾਜ ਪਾਰਟੀ ਦੀ ਮੁਖੀਬੀਬੀ ਮਾਇਆਵਤੀ ਨੇ ਕੱਲ੍ਹ ਭਾਜਪਾ ਅਤੇ ਸਮਾਜਵਾਦੀ ਪਾਰਟੀ ਉੱਤੇ ਸਿਰਫ ਵੱਡੇ ਦਾਅਵੇ ਕਰਨ ਅਤੇ ਅਸਲ ਵਿੱਚ ਲੋਕਾਂ ਦੀ ਭਲਾਈ ਲਈ ਕੁਝ ਨਾ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਦਲਿਤ-ਬ੍ਰਾਹਮਣ ਏਕਤਾ ਹੀ ਬਸਪਾ ਨੂੰ ਸੱਤਾ ਵਿੱਚ ਲਿਆ ਸਕਦੀ ਹੈ। ਪਾਰਟੀ ਵੱਲੋਂ ਬ੍ਰਾਹਮਣ ਸਮਾਜ ਨਾਲ ਸੰਪਰਕ ਕਰਨ ਲਈ ਕੀਤੇ ਪ੍ਰੋਗਰਾਮ 'ਪ੍ਰਬੁੱਧ ਵਰਗ ਸੰਮੇਲਨ' ਵਿੱਚ ਬੋਲਦੇ ਹੋਏ ਮਾਇਆਵਤੀ ਨੇ ਕਿਹਾ ਕਿ ਭਾਜਪਾ ਤੇ ਸਮਾਜਵਾਦੀ ਪਾਰਟੀ ਦਲਿਤ ਅਤੇ ਬ੍ਰਾਹਮਣ ਸਮਾਜ ਦੀਆਂ ਵੋਟਾਂ ਲੈਣ ਲਈ ਸਿਰਫ ਝੂਠੀਆਂ ਗੱਲਾਂ ਕਰਦੀਆਂ ਹਨ, ਪਰ ਸੱਤਾ ਵਿੱਚ ਹੁੰਦਿਆਂ ਲੋਕਾਂ ਦੇ ਭਲੇ ਲਈ ਕੁਝ ਨਹੀਂ ਕਰਦੀਆਂ। ਉਨ੍ਹਾਂ ਕਿਹਾ ਕਿ ਬਸਪਾ ਦੀ 'ਕਥਨੀ ਤੇ ਕਰਨੀ' ਦਾ ਅੰਦਾਜ਼ਾ ਉਤਰ ਪ੍ਰਦੇਸ਼ ਵਿੱਚ ਸਾਲ 2007 ਤੋਂ 2012 ਤਕ ਚੱਲੇ ਕਾਰਜਕਾਲ ਤੋਂ ਲੱਗ ਸਕਦਾ ਹੈ, ਜਦੋਂ ਦਲਿਤ ਤੇ ਬ੍ਰਾਹਮਣ ਭਾਈਚਾਰੇ ਦੀ ਸੁਰੱਖਿਆ ਦੇ ਨਾਲ ਸਮਾਜ ਦੇ ਹੋਰ ਵਰਗਾਂ ਦੀ ਸੁਰੱਖਿਆ ਵੱਲ ਵੀ ਖਾਸ ਧਿਆਨ ਦਿੱਤਾ ਜਾਂਦਾ ਸੀ। ਮਾਇਆਵਤੀ ਨੇ ਮੁਜ਼ੱਫਰਨਗਰ ਦੰਗਿਆਂ ਲਈ ਕਾਂਗਰਸ ਨੂੰ ਜ਼ਿੰਮੇਵਾਰ ਮੰਨਦਿਆਂ ਕਿਹਾ ਕਿ ਜਦੋਂ ਕਾਂਗਰਸ ਸੱਤਾ ਵਿੱਚ ਸੀ ਤਾਂ ਉਹ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕੀ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟਰਕਟਰ
647-998-7500
ਬਲਵਿੰਦਰ




# ਨਾਰਵੇ ਵਿੱਚ ਪਾਰਲੀਮੈਂਟ ਚੋਣਾਂ 13 ਸਤੰਬਰ ਨੂੰ

## * ਭਾਰਤੀ ਮੂਲ ਦੇ ਉਮੀਦਵਾਰ ਵੀ ਮੈਦਾਨ ਵਿੱਚ



ਓਸਲੋ, 9 ਸਤੰਬਰ (ਪੋਸਟ ਬਿਊਰੋ)- ਗਰਮੀਆਂ ਦੀਆਂ ਛੁੱਟੀਆਂ ਪਿੱਛੋਂ ਜਿੱਥੇ ਕੋਰੋਨਾ ਮਹਾਮਾਰੀ ਇੱਕ ਵਾਰ ਫੇਰ ਉਭਰ ਰਹੀ ਹੈ, ਓਦੋਂ ਨਾਰਵੇ ਪਾਰਲੀਮੈਂਟ ਚੋਣਾਂ 2021 ਦਾ ਬਿਗਲ ਵੱਜ ਚੁੱਕਾ ਹੈ।

ਇਸ ਦੇਸ਼ ਦੀ ਕੁੱਲ 169 ਸੀਟਾਂ ਵਾਲੀ ਪਾਰਲੀਮੈਂਟ ਲਈ 13 ਸਤੰਬਰ ਨੂੰ ਵੋਟਾਂ ਹੋਣਗੀਆਂ। ਚੋਣ ਸਰਵੇਖਣਾਂ ਦੇ ਮੁਤਾਬਕ ਲਗਾਤਾਰ 2013 ਤੋਂ ਅੱਜ ਤਕ ਪ੍ਰਧਾਨ ਮੰਤਰੀ ਰਹੇ ਸੱਜੇ ਪੱਖੀ ਦਲ ਦੇ ਉਮੀਦਵਾਰ ਅਰਨਾ ਸੂਲਬਰਗ ਦੀ ਲੋਕਪ੍ਰਿਯਤਾ ਵਿੱਚ ਇਸ ਵਾਰ ਗਿਰਾਵਟ ਦੇਖੀ ਜਾ ਰਹੀ ਹੈ, ਜਿਸ ਨੂੰ ਲੇਬਰ ਪਾਰਟੀ ਦੇ ਪ੍ਰਧਾਨ ਜੋਨਸ ਸਤੂਰੇ ਇਸ ਵਾਰ ਮਾਤ ਦੇਣ ਵਿੱਚ ਸਫ਼ਲ ਹੋ ਸਕਦੇ ਹਨ। ਇਸ ਦੇ ਨਾਲ ਸੱਜੇ ਪੱਖੀ ਦਲ ਨੂੰ ਬਹੁਮਤ ਦੇਣ ਵਾਲੀ ਐਫ਼ ਆਰ ਪਾਰਟੀ ਤੀਸਰੇ ਸਥਾਨ ਉੱਤੇ ਰਹਿ ਕੇ ਲੋਕਾਂ ਦੀ ਪਸੰਦ ਬਣੀ ਹੋਈ ਹੈ।

ਨਾਰਵੇ ਇੱਕ ਧਰਮ ਨਿਰਪੱਖ ਦੇਸ਼ ਹੈ, ਜਿੱਥੇ ਔਰਤਾਂ ਨੂੰ ਹਰ ਖੇਤਰ ਵਿੱਚ ਅਹਿਮੀਅਤ ਦਿੱਤੀ ਜਾਂਦੀ ਹੈ, ਜਿਸ ਦੀ ਝਲਕ ਨਾਰਵੇ ਦੀ ਮੌਜੂਦਾ ਸਰਕਾਰ ਅਤੇ ਪਿਛਲੀ ਸਰਕਾਰ ਵਿੱਚ ਔਰਤ ਉਮੀਦਵਾਰਾਂ ਦੀ ਬਹੁਤਾਤ ਤੋਂ ਦੇਖੀ ਜਾ ਸਕਦੀ ਹੈ ਅਤੇ ਇਸ ਵਾਰ ਵੀ 40 ਫ਼ੀਸਦੀ ਔਰਤਾਂ ਉਮੀਦਵਾਰ ਹਨ। ਭਾਰਤੀ ਮੂਲ ਦੇ ਉਮੀਦਵਾਰਾਂ ਵਿੱਚੋਂ ਹਿਮਾਸ਼ੂ ਗੁਲਾਟੀ, ਮੋਹਨ ਸਿੰਘ ਵਰਮਾ, ਬਲਵਿੰਦਰ ਸਿੰਘ ਜੋਸਨ, ਉਪਾਧਿਆਇ ਆਦਿ ਵੱਖ-ਵੱਖ ਖੇਤਰਾਂ ਤੋਂ ਕਿਸਮਤ ਅਜ਼ਮਾ ਰਹੇ ਹਨ। ਕੋਰੋਨਾ ਮਹਾਮਾਰੀ ਕਾਰਨ ਭਾਵੇਂ ਚੋਣ ਪ੍ਰਚਾਰ ਪਹਿਲਾਂ ਵਾਂਗ ਨਹੀਂ ਹੋਇਆ ਪਰ ਫਿਰ ਵੀ ਉਮੀਦਵਾਰ ਡਿਜੀਟਲ ਤਰੀਕੇ ਨਾਲ ਸੋਸ਼ਲ ਮੀਡੀਆ, ਟੀ ਵੀ, ਅਖ਼ਬਾਰਾਂ ਆਦਿ ਰਾਹੀਂ ਪ੍ਰਚਾਰ ਕਰਦੇ ਰਹੇ ਹਨ।

## ਅਫਗਾਨਿਸਤਾਨ ਮਾਮਲਾ : ਜਾਣ ਲੱਗੇ ਅਮਰੀਕੀ ਫ਼ੌਜੀ ਅਰਬਾਂ ਡਾਲਰਾਂ ਦੇ ਹਥਿਆਰ ਅਤੇ ਗੱਡੀਆਂ ਸਾੜ ਗਏ

ਕਾਬੁਲ, 9 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਨੂੰ ਛੱਡਣ ਤੋਂ ਪਹਿਲਾਂ ਅਮਰੀਕੀ ਫ਼ੌਜੀ ਅਰਬਾਂ ਡਾਲਰਾਂ ਦੇ ਹੱਥਿਆਰ ਅਤੇ ਵਾਹਨ ਸਾੜ ਗਏ ਸਨ। ਤਾਲਿਬਾਨ ਨੇ ਇਹ ਗੱਲ ਮੀਡੀਆ ਨੇ ਹਵਾਲੇ ਨਾਲ ਕਹੀ ਹੈ। ਕੱਲ੍ਹ ਤਾਲਿਬਾਨ ਨੇ ਪੱਤਰਕਾਰਾਂ ਨੂੰ ਸੀ ਈ ਏ ਦੇ ਸਾਬਕਾ ਆਪ੍ਰੇਸ਼ਨਲ ਸੈਂਟਰ ਦੇ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਸੀ। ਇਸ ਦੌਰਾਨ ਉਨ੍ਹਾਂਨੇ ਦੱਸਿਆ ਕਿ ਅਮਰੀਕੀ ਫ਼ੌਜੀਆਂ ਨੇ ਇੱਥੋਂ ਜਾਣ ਤੋਂ ਪਹਿਲਾਂ ਸਾਰੇ ਫੌਜੀ ਸਾਮਾਨ, ਵਾਹਨਾਂ ਤੇ ਕਾਗ਼ਜ਼ਾਂ ਨੂੰ ਅੱਗ ਲਾ ਦਿੱਤੀ ਸੀ। 'ਈਗਲ' ਨਾਂ ਦਾ ਸੀ ਈ ਏ ਦਾ ਇਹ ਕੈਂਪ ਕਾਬੁਲ ਨੇੜੇ ਹੈ। ਅਮਰੀਕੀ ਖ਼ੁਫ਼ੀਆ ਅਫ਼ਸਰ ਅਤੇ ਅਫ਼ਗਾਨ ਦੀ ਐਨ ਡੀ ਐਸ 01 ਫੋਰਸਿਜ ਇੱਥੇ ਸੀ। ਇਸ ਵੇਲੇ ਇਹ ਇਲਾਕਾ ਤਾਲਿਬਾਨ ਦੇ ਕਬਜ਼ੇ ਵਿੱਚ ਹੈ। ਅਮਰੀਕੀ ਫ਼ੌਜ ਨੇ ਜ਼ਰੂਰੀ ਕਾਗਜ਼, ਸੈਂਕੜੇ ਹੰਵੀਜ, ਫ਼ੌਜੀ ਟੈਂਕਾਂ ਤੇ ਹਥਿਆਰ ਨਸ਼ਟ ਕਰ ਦਿੱਤੇ ਸਨ। ਕੈਂਪ ਕਮਾਂਡਰ ਮੌਲਵੀ ਅਥਨੈਨ ਨੇ ਕਿਹਾ ਕਿ ਉਨ੍ਹਾਂ ਨੇ ਇੱਥੇ ਉਹ ਸਭ ਕੁਝ ਨਸ਼ਟ ਕਰ ਦਿੱਤਾ, ਜੋ ਵਰਤਿਆ ਜਾ ਸਕਦਾ ਸੀ। ਤਾਲਿਬਾਨ ਨੇ ਇਸ ਕੈਂਪ ਦੇ ਕਈ ਕਮਰਿਆਂ ਵਿੱਚਅਜੇ ਐਂਟਰੀ ਨਹੀਂ ਕੀਤੀ ਹੈ।

# ਇੰਡੋਨੇਸ਼ੀਆ ਦੀ ਜੇਲ੍ਹ ਵਿੱਚ ਅੱਗ ਲੱਗਣ ਕਾਰਨ 41 ਕੈਦੀਆਂ ਦੀ ਮੌਤ

ਜਕਾਰਤਾ, 9 ਸਤੰਬਰ (ਪੋਸਟ ਬਿਊਰੋ)- ਇੰਡੋਨੇਸ਼ੀਆ ਦੀ ਰਾਜਧਾਨੀ ਨੇੜੇ ਕੱਲ੍ਹ ਤੜਕੇ ਇੱਕ ਜੇਲ੍ਹ ਵਿੱਚ ਅੱਗ ਲੱਗਣ ਨਾਲ ਘੱਟੋ ਘੱਟ 41 ਕੈਦੀਆਂ ਦੀ ਮੌਤ ਹੋ ਗਈ ਤੇ 80 ਹੋਰ ਝੁਲਸ ਗਏ। ਨਿਆਂ ਮੰਤਰਾਲੇ ਦੇ ਸੁਧਾਰ ਵਿਭਾਗ ਦੇ ਬੁਲਾਰੇ ਰੀਕਾ ਅਪਰੀਆਂਤੀ ਨੇ ਕਿਹਾ ਕਿ ਇਹ ਅੱਗ ਰਾਜਧਾਨੀ ਦੇ ਬਾਹਰੀ ਇਲਾਕੇ ਵਿੱਚ ਤਾਂਗੇਰਾਂਗ ਜੇਲ੍ਹ ਦੇ 'ਸੀ' ਬਲਾਕ ਵਿੱਚ ਲੱਗੀ ਸੀ। ਜਕਾਰਤਾ ਪੁਲਸ ਦੇ ਮੁਖੀ ਫ਼ਾਦਿਲ ਇਮਰਾਨ ਨੇ ਦੱਸਿਆ ਕਿ ਅੱਗ ਨੂੰ ਕਰੀਬ ਦੋ ਘੰਟੇ ਅੰਦਰ ਕਾਬੂ ਕਰ ਲਿਆ ਗਿਆ ਅਤੇ ਸੈਂਕੜੇ ਪੁਲਸ ਕਰਮਚਾਰੀਆਂ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ ਤਾਂ ਕਿ ਕੈਦੀਆਂ ਨੂੰ ਭੱਜਣ ਤੋਂ ਰੋਕਿਆ ਜਾ ਸਕੇ। ਮ੍ਰਿਤਕਾਂ ਵਿੱਚ ਦੋ ਵਿਦੇਸ਼ੀ ਕੈਦੀ ਵੀ ਸਨ। ਇੰਡੋਨੇਸ਼ੀਆ ਦੇ ਨਿਆਂ ਮੰਤਰੀ ਯਾਸੋਨਾ ਲਾਓਲੀ ਨੇ ਦੱਸਿਆ ਕਿ ਮਾਰੇ ਗਏ 41 ਕੈਦੀ ਨਸ਼ੀਲੇ ਪਦਾਰਥਾਂ ਦੇ ਕੇਸ ਵਿੱਚ ਦੋਸ਼ੀ ਸਨ। ਇਨ੍ਹਾਂ ਵਿੱਚੋਂ ਦੋ ਲੋਕ ਦੱਖਣੀ ਅਫ਼ਰੀਕਾ ਅਤੇ ਪੁਰਤਗਾਲ ਦੇ ਸਨ ਅਤੇ ਇੱਕ ਅੱਤਵਾਦੀ ਗਤੀਵਿਧੀਆਂ ਦਾ ਦੋਸ਼ੀ ਅਤੇ ਦੂਜਾ ਹੱਤਿਆ ਦਾ ਦੋਸ਼ੀ ਸੀ।ਟੀ ਵੀ ਉੱਤੇ ਪ੍ਰਸਾਰਤ ਵੀਡੀਓ ਵਿੱਚ ਫ਼ਾਇਰ ਬ੍ਰਿਗੇਡ ਕਰਮਚਾਰੀ ਅੱਗ ਨੂੰ ਕਾਬੂ ਕਰਨ ਲਈ ਸੰਘਰਸ਼ ਕਰਦੇ ਦਿਸ ਰਹੇ ਹਨ ਤੇ ਜੇਲ੍ਹ ਅੰਦਰੋਂ ਕਾਲਾ ਧੂੰਆਂ ਉਠਦਾ ਦਿੱਸ ਰਿਹਾ ਹੈ।



ਜਕਾਰਤਾ ਦੀ ਬਹਾਰਲੀ ਸਰਹੱਦ ਉੱਤੇ ਤਾਂਗਰੰਗ ਜੇਲ੍ਹ ਦੇ ਇੱਕ ਕਮਰੇ ਵਿੱਚ ਕਈ ਲਾਸ਼ਾਂ ਨਾਰੰਗੀ ਥੈਲਿਆਂ ਵਿੱਚ ਪਾ ਕੇ ਰੱਖੀਆਂ ਗਈਆਂ ਹਨ। ਇਮਰਾਨ ਨੇ ਕਿਹਾ ਕਿ ਸਥਿਤੀ ਕਾਬੂ ਵਿੱਚ ਹੈ। ਉਨ੍ਹਾਂ ਕਿਹਾ ਕਿ ਘੱਟੋ ਘੱਟ 41 ਕੈਦੀਆਂ ਦੀ ਮੌਤ ਹੋਈ ਅਤੇ 80 ਕੈਦੀਆਂ ਨੂੰ ਹਸਪਤਾਲ ਭਰਤੀ ਕਰਵਾਇਆ ਹੈ, ਜਿਨ੍ਹਾਂ ਵਿੱਚੋਂ ਅੱਠ ਗੰਭੀਰ ਜ਼ਖਮੀ ਹਨ। ਸ਼ੁਰੂ ਦੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।ਇਸ ਜੇਲ੍ਹ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ੀਆਂ ਨੂੰ ਰੱਖਿਆ ਜਾਂਦਾ ਹੈ। ਜੇਲ੍ਹ ਦੀ ਸਮਰਥਾ 1225 ਕੈਦੀਆਂ ਨੂੰ ਰੱਖਣ ਦੀ ਹੈ ਪਰ ਇੱਥੇ ਦੋ ਹਜ਼ਾਰ ਤੋਂ ਜ਼ਿਆਦਾ ਕੈਦੀਆਂ ਨੂੰ ਰੱਖਿਆ ਗਿਆ ਸੀ। ਅੱਗ ਲੱਗਣ ਦੇ ਸਮੇਂ ਜੇਲ੍ਹ ਦੇ 'ਸੀ' ਬਲਾਕ ਵਿੱਚ 122 ਕੈਦੀ ਸਨ।

# 9/11 ਦੇ ਬਾਅਦ ਸਿੱਖ ਨੌਜਵਾਨਾਂ ਨਾਲ ਲਗਾਤਾਰ ਵਿਤਕਰਾ ਜਾਰੀ

ਮੇਸਾ, 9 ਸਤੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ 11 ਸਤੰਬਰ 2001 ਨੂੰ ਵਿਸ਼ਵ ਵਪਾਰ ਕੇਂਦਰ ਉੱਤੇ ਅੱਤਵਾਦੀ ਹਮਲੇ ਦੇ 20 ਸਾਲ ਬੀਤਣ ਪਿੱਛੋਂ ਵੀ ਨੌਜਵਾਨ ਸਿੱਖਾਂ ਨੂੰ ਵਿਤਕਰਾ ਝੱਲਣਾ ਪੈਂਦਾ ਹੈ। ਉਨ੍ਹਾਂ ਨੂੰ ਦਸਤਾਰ ਅਤੇ ਦਾੜ੍ਹੀ ਦੇ ਕਾਰਨ ਅਮਰੀਕਾ ਵਿੱਚ ਕਈ ਥਾਈਂ ਨਫਰਤ ਭਰੀਆਂ ਟਿੱਪਣੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਫੈਡਰਲ ਜਾਂਚ ਬਿਊਰੋ (ਐਫ ਬੀ ਆਈ) ਦੇ ਮੁਤਾਬਕ ਸਾਲ 2020 ਵਿੱਚ ਸਿੱਖਾਂ ਦੇ ਖਿਲਾਫ ਨਫਰਤ ਤੋਂ ਪ੍ਰੇਰਿਤ ਅਪਰਾਧ ਦੇ 67 ਮਾਮਲੇ ਸਾਹਮਣੇ ਆਏ, ਜਿਹੜੇ ਸਾਲ 2015 ਤੋਂ ਬਾਅਦ ਸਭ ਤੋਂ ਵੱਧ ਹਨ। ਸਿੱਖ ਕਾਰੋਬਾਰੀ ਬਲਬੀਰ ਸਿੰਘ ਸੋਢੀ ਦੀ 11 ਸਤੰਬਰ 2001 ਦੀ ਘਟਨਾ ਦੇ ਚਾਰ ਦਿਨ ਬਾਅਦ ਐਰੀਜ਼ੋਨਾ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਦੋਸ਼ੀ ਨੇ ਉਨ੍ਹਾਂ ਨੂੰ ਅਰਬ ਦਾ ਮੁਸਲਮਾਨ ਸਮਝਿਆ ਸੀ। ਅੱਤਵਾਦੀ ਹਮਲੇ ਦੀ



ਘਟਨਾ ਦੀ 20ਵੀਂ ਬਰਸੀਮੌਕੇ ਨੌਜਵਾਨ ਸਿੱਖਾਂ ਦਾ ਕਹਿਣਾ ਹੈ ਕਿ ਭਾਈਚਾਰੇ ਦੇ ਖਿਲਾਫ ਨਫਰਤ ਤੋਂ ਪ੍ਰੇਰਿਤ ਅਪਰਾਧਾਂ ਨਾਲ ਨਜਿੱਠਣ ਦੀ ਵਿਵਸਥਾ ਵਿੱਚ ਕਾਫੀ ਸੁਧਾਰ ਦੀ ਲੋੜ ਹੈ। ਐਫ ਬੀ ਆਈ ਸਾਲ 2015 ਤਕ, ਖਾਸ ਕਰ ਕੇ ਸਿੱਖਾਂ ਖਿਲਾਫ ਹਿੰਸਾ ਦੇ ਕੇਸਾਂ ਦੀ ਨਿਗਰਾਨੀ ਨਹੀਂ ਕਰਦਾ ਸੀ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੀ ਇਨ੍ਹਾਂ ਘਟਨਾਵਾਂ ਨੂੰ ਰੋਕਣ ਵਿੱਚ ਨਾਕਾਮ ਰਹੀਆਂ। ਸਿੱਖਾਂ ਦੇ ਪੈਰੋਕਾਰ ਸੰਗਠਨ ਸਿੱਖ ਕੋਲੀਸ਼ਨ ਦੀ ਕਾਰਜਕਾਰੀ ਡਾਇਰੈਕਟਰ ਸਤਜੀਤ ਕੌਰ ਨੇ ਕਿਹਾ ਕਿ ਸਾਡੇ ਵਰਗੇ ਸੰਗਠਨਾਂ ਉੱਤੇਇਹ ਜ਼ਿੰਮੇਵਾਰੀ ਪਾ ਦਿੱਤੀ ਗਈ ਹੈ ਕਿ ਅਸੀਂ ਸਮੱਸਿਆਵਾਂ ਦੀ ਪਛਾਣ ਕਰੀਏ ਤੇ ਸਮਰਥਨ ਕਰੀਏ। ਅੱਤਵਾਦੀ ਹਮਲੇ ਦੇ ਪਿਛੋਕੜ ਵਿੱਚ ਇਹ ਸੰਗਠਨ ਹੋਂਦ ਵਿੱਚ ਆਇਆ ਸੀ ਤੇ ਇਸ ਦੇ ਸਿਰਫ ਕੁਝ ਮਹੀਨਿਆਂ ਵਿੱਚ ਹੀ ਹਿੰਸਾ ਤੇ ਵਿਤਕਰੇ ਦੇ ਤਿੰਨ ਸੌ ਕੇਸਾਂ ਦੀ ਸੂਚੀ ਤਿਆਰ ਕੀਤੀ ਸੀ। ਕੈਲੀਫੋਰਨੀਆ ਯੂਨੀਵਰਸਿਟੀ ਦੇ ਖੋਜੀ ਤੇਜਪਾਲ ਬੈਨੀਵਾਲ ਨੇ ਕਿਹਾ ਕਿ ਆਸ਼ਾਵਾਦ ਤੁਹਾਨੂੰ ਇਨ੍ਹਾਂ ਤੋਂ ਬਾਹਰ ਨਿਕਲਣ ਵਿੱਚ ਮਦਦ ਕਰ ਸਕਦਾ ਹੈ, ਪਰ ਕਈ ਵਾਰ ਤੁਹਾਨੂੰ ਸਖਤ ਸੱਚਾਈ ਨੂੰ ਦੇਖਣਾ ਪੈਂਦਾ ਹੈ। ਬੇਨੀਵਾਲ ਨੇ ਮੰਨਿਆ ਕਿ ਸਕੂਲਾਂ ਵਿੱਚ ਉਨ੍ਹਾਂ ਨੂੰ ਵਿਤਕਰੇ ਦਾ ਸਾਹ-ਮਣਾ ਕਰਨਾ ਪਿਆ ਤੇ ਕਈ ਵਿਦਿਆਰਥੀ ਉਨ੍ਹਾਂ ਦੀ ਦਸਤਾਰ ਦੇਖ ਕੇ ਵਿਅੰਗ ਕਰਦੇ ਹਨ।

# ਆਸਟ੍ਰੇਲੀਆਈ ਅਦਾਲਤ ਦਾ ਫੈਸਲਾ : ਫੇਸਬੁੱਕ ਪੇਜ ਉੱਤੇ ਟਿੱਪਣੀਆਂ ਲਈ ਮੀਡੀਆ ਕੰਪਨੀਆਂ ਜ਼ਿੰਮੇਵਾਰ

ਕੈਨਬਰਾ, 9 ਸਤੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੀ ਮੁੱਖ ਅਦਾਲਤ ਨੇ ਇੱਕ ਇਤਿਹਾਸਿਕ ਫੈਸਲਾ ਸੁਣਾਉਂਦੇ ਹੋਏ ਕਿਹਾ ਹੈ ਕਿ ਮੀਡੀਆ ਕੰਪਨੀਆਂ ਉਨ੍ਹਾਂ ਦੇ ਅਧਿਕਾਰਰਿਤ ਫੇਸਬੁੱਕ ਪੇਜ ਉੱਤੇ ਤੀਸਰੀਧਿਰ ਵੱਲੋਂ ਲਿਖੀਆਂ ਟਿੱਪਣੀਆਂ ਦੇ ਲਈ ਜ਼ਿੰਮੇਦਾਰ ਹਨ। ਅਦਾਲਤ ਨੇ ਇਸ ਬਾਰੇ ਆਸਟ੍ਰੇਲੀਆ ਦੀਆਂ ਕੁਝ ਵੱਡੀਆਂ ਮੀਡੀਆ ਕੰਪਨੀਆਂ ਫੇਅਰਫੈਕਸ ਮੀਡੀਆ ਪਬਲਿਕੇਸ਼ੰਸ, ਨੇਸ਼ਨਵਾਈਡ ਨਿਊਜ਼ ਅਤੇ ਆਸਟ੍ਰੇਲੀਆ ਨਿਊਜ਼ ਚੈਨਲ ਦੀਆਂ ਦਲੀਲਾਂ ਰੱਦ ਕਰਦੇ ਕਿਹਾ ਕਿ ਉਹ ਟਿੱਪਣੀਆਂ ਦੀਆਂ ਪ੍ਰਕਾਸ਼ਕ ਹਨ। ਅਦਾਲਤ ਨੇ ਮੀਡੀਆ ਕੰਪਨੀਆਂ ਦੇ ਖ਼ਿਲਾਫ਼ 5-2 ਜੱਜਾਂ ਦੇ ਵੋਟਾਂ ਦੇ ਫਰਕ ਨਾਲਇਹ ਫੈਸਲਾ ਦਿੱਤਾ ਹੈ, ਕਹਿਣ ਤੋਂ ਭਾਵ ਕਿ ਇਹ ਸਾਰੇ ਜੱਜਾਂ ਦਾ ਸਾਂਝਾ ਫੈਸਲਾ ਨਹੀਂ ਹੈ।

ਇਸ ਮੌਕੇ ਅਦਾਲਤ ਨੇ ਕਿਹਾ ਕਿ ਮੀਡੀਆ ਕੰਪਨੀਆਂ ਨੇ ਇਨ੍ਹਾਂ ਟਿੱਪਣੀਆਂ ਨੂੰ ਉਤਸ਼ਾਹ ਦਿੱਤਾ ਅਤੇ ਉਹ ਪੂਰੀ ਗੱਲਬਾਤ ਵਿੱਚ ਸ਼ਾਮਲ ਰਹੀਆਂ।ਇਸ ਫੈਸਲੇ ਪਿੱਛੋਂ ਹਿਰਾਸਤ ਵਿੱਚ ਲਿਆ ਗਿਆ ਨਾਬ-ਾਲਿਗ ਡਾਇਲੈਨ ਵਾਲਰ ਇਨ੍ਹਾਂ ਮੀਡੀਆ ਸੰਗਠਨਾਂ ਦੇ ਖ਼ਿਲਾਫ਼ ਅਣਗਹਿਲੀ ਦਾ ਕੇਸ ਵੀ ਚਲਾ ਸਕਦਾ ਹੈ। ਵਾਲਰ ਨੇ ਦ ਸਿਡਨੀ ਮਾਰਨਿੰਗ ਹੈਰਾਲਡ, ਦ ਆਸਟ੍ਰੇਲੀਅਨ, ਸੈਂਟ੍ਰੇਲੀਅਨ ਐਡਵੋਕੇਟ, ਸਕਾਈ ਨਿਊਜ਼ ਜਿਵੇਂ ਟੈਲੀਵਿਜ਼ਨ ਪ੍ਰਸਾਰਕਾਂ ਅਤੇ ਅਖਬਾਰਾਂ ਦੇ ਫੇਸਬੁੱਕ ਉੱਤੇ ਟਿੱਪਣੀਆਂ ਦੇ ਖ਼ਿਲਾਫ਼ ਅਣਗਹਿਲੀ ਦਾ ਕੇਸ ਚਲਾਉਣ ਦੀ ਅਪੀਲ ਕੀਤੀ ਸੀ। ਵਾਲਰ ਦਾ ਮਾਮਲਾ ਨਿਊ ਸਾਊਥ ਵੇਲਸ ਰਾਜ ਸੁਪਰੀਮ ਕੋਰਟ ਵਿੱਚ 2017 ਵਿੱਚ ਰੋਕ ਦਿੱਤਾ ਗਿਆ ਸੀ। ਓਦੋਂ ਇਸ ਸਵਾਲ ਦਾ ਜਵਾਬ ਨਹੀਂ ਮਿਲਿਆ ਸੀ ਕਿ ਕਿਉਂ ਮੀਡੀਆ ਕੰਪਨੀਆਂ ਫੇਸਬੁੱਕ ਯੂਜ਼ਰਜ਼ਦੀਆਂ ਟਿੱਪਣੀਆਂ ਦੇ ਲਈ ਜ਼ਿੰਮੇਦਾਰ ਹਨ। ਇਨ੍ਹਾਂ ਕੰਪਨੀਆਂ ਨੇ ਵਾਲਰ ਦੇ ਨਾਰਦਰਨ ਖੇਤਰ ਦੇ ਨਾਬਾਲਿਗ ਹਿਰਾਸਤ ਕੇਂਦਰ ਵਿੱਚ ਗੁਜ਼ਾਰੇ ਸਮੇਂ ਬਾਰੇ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ।

## ਛੇ ਫਲਸਤੀਨੀ ਕੈਦੀ ਜੇਲ੍ਹ ਤੋਂ ਚਮਚਿਆਂ ਨਾਲ ਸੁਰੰਗ ਪੁੱਟ ਕੇ ਭੱਜੇ

ਯੇਰੁਸ਼ਲਮ, 9 ਸਤੰਬਰ (ਪੋਸਟ ਬਿਊਰੋ)- ਇਸਰਾਈਲ ਦੀ ਗੀਲਬੋਆ ਜੇਲ੍ਹ ਵਿੱਚੋਂ ਛੇ ਫਿਲਸਤੀਨੀ ਕੈਦੀ ਸੁਰੰਗ ਬਣਾ ਕੇ ਭੱਜਣ ਵਿੱਚ ਕਾਮਯਾਬ ਹੋ ਗਏ, ਜਿਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਜੇਲ੍ਹ ਕਮਿਸ਼ਨਰ ਕੈਟੀ ਪੇਰੀ ਨੇ ਦੱਸਿਆ ਕਿ 20 ਸਾਲ ਪਿੱਛੋਂ ਇਹ ਪਹਿਲਾ ਮੌਕਾ ਹੈ, ਜਦ ਇਸ ਜੇਲ੍ਹ ਵਿੱਚੋਂ ਕੈਦੀ ਸੁਰੰਗ ਬਣਾ ਕੇ ਫਰਾਰ ਹੋਣ ਵਿੱਚ ਸਫਲ ਹੋਏ ਹਨ। ਇਹ ਕੈਦੀ ਭਿਣਕ ਲੱਗੇ ਬਿਨਾਂ ਫਿਲਮੀ ਅੰਦਾਜ਼ ਵਿੱਚ ਚਮਚ ਨਾਲ ਸੁਰੰਗ ਪੁੱਟ ਕੇ ਭੱਜ ਗਏ। ਚਮਚ ਨੂੰ ਇਨ੍ਹਾਂ ਨੇ ਜੇਲ੍ਹ ਵਿੱਚ ਛਿਪਾ ਰੱਖਿਆ ਸੀ। ਫਰਾਰ ਕੈਦੀਆਂ ਵਿੱਚ ਇੱਕ ਅਲ ਅਕਸਾ ਦਾ ਖਤਰਨਾਕ ਅੱਤਵਾਦੀ ਜ਼ਕਾਰੀਆ ਜ਼ੁਬੈਦੀ ਸੀ ਅਤੇ ਪੰਜ ਹੋਰ ਗਾਜ਼ਾ ਦੇ ਅੱਤਵਾਦੀ ਸੰਗਠਨ ਨਾਲ ਜੁੜੇ ਹਨ। ਇਨ੍ਹਾਂ ਵਿੱਚੋਂ ਜ਼ੁਬੈਦੀ ਸਮੇਤ ਚਾਰ ਅੱਤਵਾਦੀ ਦੋ ਉਮਰ ਕੈਦਾਂ ਦੀ ਸਜ਼ਾ ਭੁਗਤ ਰਹੇ ਹਨ, ਜਦ ਕਿ ਦੋ ਦੇ ਕੇਸ ਵਿੱਚ ਸਜ਼ਾ ਤੈਅ ਨਹੀਂ ਹੋਈ ਸੀ। ਗੀਲਬੋਆ ਜੇਲ੍ਹ ਇਸਰਾਈਲ ਦੇ ਪੱਛਮੀ ਤਟ ਦੇ ਉਤਰ ਵਿੱਚ ਹੈ ਅਤੇ ਸਭ ਤੋਂ ਵੱਧ ਸੁਰੱਖਿਅਤ ਮੰਨੀ ਜਾਂਦੀ ਹੈ।


Century 21

President Realty Inc

Brokerage*

Independently Owned and Operated.




ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ

Jagdish Grewal


Sales Repersentative

Call Now: (416)-970-5005





Sandalwood & Kennedy

ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!





Bramalea & Peter Robertson

3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.




Bovaird & Royal Orchard

3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ




Bovaird & Bramlea Rd

3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ




Bovaird & Worthington

4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ




Pertosa & WillamsParkway

4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ




Gore & Cotrelle

3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ




Bovaird & Hwy 410

4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com

80 Maritime Ontario Blvd #246 Brampton, ON L6S 0E7 Call: 905-488-2100 Fax : 905-488-2101


# ਤਾਲਿਬਾਨ ਦੀ ਸਰਕਾਰ ਦੇ 14 ਵਜ਼ੀਰ ਯੂ ਐਨ ਸੁਰੱਖਿਆ ਕੌਂਸਲ ਦੀ ਕਾਲੀ ਸੂਚੀ 'ਚ

ਕਾਬੁਲ, 9 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਮੁੱਲ੍ਹਾ ਹਸਨ ਅਖੁੰਦ ਅਤੇ ਉਨ੍ਹਾਂ ਦੇ ਦੋਵੇਂ ਉਪ ਪ੍ਰਧਾਨ ਮੰਤਰੀਆਂ ਸਣੇ ਕਾਬੁਲ ਵਿੱਚ ਬਣੀ ਤਾਲਿਬਾਨ ਦੀ ਅੰਤ੍ਰਿਮ ਸਰਕਾਰ ਦੇ ਘੱਟੋ-ਘੱਟ 14 ਮੰਤਰੀਆਂ ਦੇ ਨਾਂਅ ਯੂ ਐੱਨ ਸਕਿਓਰਟੀ ਕੌਂਸਲ ਦੀ ਕਾਲੀ ਸੂਚੀ ਵਿੱਚ ਸ਼ਾਮਲ ਹੋਣ ਕਰ ਕੇ ਕੌਮਾਂਤਰੀ ਭਾਈਚਾਰੇ ਦੀ ਚਿੰਤਾ ਵਧ ਗਈ ਹੈ। ਯੂ ਐੱਨ ਵਿੱਚ ਅਫਗਾਨਿਸਤਾਨ ਦੇ ਰਾਜਦੂਤ ਅਤੇ ਸਥਾਈ ਨੁਮਾਇੰਦੇ ਗੁਲਾਮ ਇਸਾਕਜ਼ਈ ਨੇ ਵੀ ਕਿਹਾ ਕਿ ਅਫਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਐਲਾਨੀ ਗਈ ਸਰਕਾਰ ਨਿਸ਼ਚਿਤ ਤੌਰ ਉੱਤੇ ਸਾਰੀਆਂ ਧਿਰਾਂ ਦੀ ਨਹੀਂ ਹੈ ਤੇ ਅਫਗਾਨਿਸਤਾਨ ਦੇ ਲੋਕ ਅਜਿਹੇ ਸ਼ਾਸਕੀ ਢਾਂਚੇ ਨੂੰ ਮਨਜ਼ੂਰ ਨਹੀਂ ਕਰਨਗੇ, ਜਿਸ ਵਿੱਚ ਔਰਤਾਂ ਅਤੇ ਘੱਟ ਗਿਣਤੀਆਂ ਸ਼ਾਮਲ ਨਾ ਹੋਣ। ਇਸੇ ਦੌਰਾਨ ਦੇਸ਼ ਵਿੱਚ ਤਾਲਿਬਾਨ ਵਿਰੋਧੀ ਲੋਕਾਂ ਨੇ ਅਫਗਾਨਿਸਤਾਨ ਵਿੱਚ ਤਾਲਿਬਾਨ ਵੱਲੋਂ ਐਲਾਨੀ ਗਈ ਨਵੀਂ ਸਰਕਾਰ ਨੂੰ ਗੈਰ ਕਾਨੂੰਨੀ ਕਰਾਰ ਦਿੰਦਿਆਂ ਕੌਮਾਂਤਰੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਸ ਸਰਕਾਰ ਨੂੰ ਮਾਨਤਾ ਨਾ ਦਿੱਤੀ ਜਾਵੇ। ਬੀ ਬੀ ਸੀ ਉਰਦੂ ਦੀ ਖਬਰ ਅਨੁਸਾਰ ਤਾਲਿਬਾਨ ਵੱਲੋਂ ਐਲਾਨੀ ਗਈ ਅੰਤ੍ਰਿਮ ਸਰਕਾਰ ਦੇ ਘੱਟੋ-ਘੱਟ 14 ਮੈਂਬਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਕਾਲੀ ਸੂਚੀ ਵਿੱਚ ਸ਼ਾਮਲ ਹਨ।



33 ਮੈਂਬਰੀ ਇਸ ਅੰਤ੍ਰਿਮ ਮੰਤਰੀ ਮੰਡਲ ਵਿੱਚ ਚਾਰ ਅਜਿਹੇ ਆਗੂ ਹਨ ਜਿਹੜੇ ਤਾਲਿਬਾਨ ਫਾਈਵ ਵਿੱਚ ਸ਼ਾਮਲ ਹਨ। ਉਨ੍ਹਾਂ ਨੂੰ ਗੁਆਂਤਨਾਮੋ ਜੇਲ੍ਹ ਵਿੱਚ ਰੱਖਿਆ ਗਿਆ ਸੀ। ਇਨ੍ਹਾਂ ਵਿੱਚ ਮੁੱਲ੍ਹਾ ਮੁਹੰਮਦ ਫਾਜ਼ਿਲ (ਉਪ ਰੱਖਿਆ ਮੰਤਰੀ), ਖੈਰੁੱਲ੍ਹਾ ਖੈਰਖਵਾ (ਸੂਚਨਾ ਤੇ ਸਭਿਆਚਾਰ ਮੰਤਰੀ), ਮੁੱਲ੍ਹਾ ਨੂਰੁੱਲ੍ਹਾ ਨੂਰੀ (ਸਰਹੱਦਾਂ ਤੇ ਕਬਾਇਲੀ ਮਾਮਲਿਆਂ ਬਾਰੇ ਮੰਤਰੀ) ਅਤੇ ਮੁੱਲ੍ਹਾ ਅਬਦੁਲ ਹੱਕ ਵਾਸਿਕ (ਖੁਫੀਆ ਡਾਇਰੈਕਟਰ) ਵੀ ਸ਼ਾਮਲ ਹਨ। ਇਸ ਗਰੁੱਪ ਦੇ ਪੰਜਵੇਂ ਮੈਂਬਰ ਮੁਹੰਮਦ ਨਬੀ ਉਮਰੀ ਨੂੰ ਪਿੱਛੇ ਜਿਹੇ ਪੂਰਬੀ ਖੋਸਤ ਪ੍ਰਾਂਤ ਦਾ ਗਵਰਨਰ ਨਿਯੁਕਤ ਕੀਤਾ ਗਿਆ ਹੈ। ਤਾਲਿਬਾਨ ਫਾਈਵ ਆਗੂਆਂ ਨੂੰ 2014 ਵਿੱਚ ਓਬਾਮਾ ਪ੍ਰਸ਼ਾਸਨ ਨੇ ਛੱਡਿਆ ਸੀ। ਫਾਜ਼ਿਲ ਅਤੇ ਨੂਰੀ ਉੱਤੇ 1998 ਵਿੱਚ ਸ਼ੀਆ ਹਜ਼ਾਰਾ, ਤਾਜਿਕ ਅਤੇ ਉਜ਼ਬੇਕ ਫਿਰਕਿਆਂ ਦੇ ਕਤਲੇਆਮ ਦੇ ਹੁਕਮ ਦੇਣ ਦੇ ਦੋਸ਼ ਹਨ।

ਇਸੇ ਤਰ੍ਹਾਂ ਕਾਰਜਕਾਰੀ ਪ੍ਰਧਾਨ ਮੰਤਰੀ ਮੁੱਲ੍ਹਾ ਹਸਨ ਨੂੰ ਯੂ ਐੱਨ ਦੀਆਂ ਪਾਬੰਦੀਆਂ ਦੀ ਰਿਪੋਰਟ ਵਿੱਚ ਤਾਲਿਬਾਨ ਦੇ ਮੋਢੀ ਮੁੱਲ੍ਹਾ ਉਮਰ ਦਾ ਕਰੀਬੀ ਦੱਸਿਆ ਗਿਆ ਹੈ। ਉਹ ਫੈਸਲੇ ਲੈਣ ਵਾਲੇ ਤਾਕਤਵਰ ਗਰੁੱਪ ਰਹਿਬਰੀ ਸ਼ੂਰਾ ਦਾ ਮੁਖੀ ਹੈ। ਯੂ ਐਨ ਦੀ ਕਾਲੀ ਸੂਚੀ ਵਿੱਚ ਦੋਵੇਂ ਉਪ ਪ੍ਰਧਾਨ ਮੰਤਰੀ ਮੁੱਲ੍ਹਾ ਅਬਦੁਲ ਗਨੀ ਬਰਾਦਰ ਅਤੇ ਮੌਲਵੀ ਅਬਦੁਲ ਸਲਾਮ ਹਨਾਫੀ ਵੀ ਸ਼ਾਮਲ ਹਨ ਅਤੇ ਉਨ੍ਹਾਂ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। ਇਸ ਤੋਂ ਇਲਾਵਾ ਵਿਸ਼ਵ ਪੱਧਰ ਉੱਤੇ ਅੱਤਵਾਦੀ ਐਲਾਨੇ ਜਾ ਚੁੱਕੇ ਸਿਰਾਜੁਦੀਨ ਹੱਕਾਨੀ, ਜਿਸ ਉੱਤੇ ਇੱਕ ਕਰੋੜ ਅਮਰੀਕੀ ਡਾਲਰ ਦਾ ਇਨਾਮ ਹੈ, ਨੂੰ ਕਾਰਜਕਾਰੀ ਗ੍ਰਹਿ ਮੰਤਰੀ ਬਣਾਇਆ ਗਿਆ ਹੈ, ਜਦ ਕਿ ਉਸ ਦੇ ਚਾਚਾ ਖਲੀਲ ਹੱਕਾਨੀ ਨੂੰ ਸ਼ਰਨਾਰਥੀਆਂ ਦੇ ਮਾਮਲਿਆਂ ਬਾਰੇ ਕਾਰਜਕਾਰੀ ਮੰਤਰੀ ਨਾਮਜ਼ਦ ਕੀਤਾ ਗਿਆ ਹੈ।

ਤਾਲਿਬਾਨ ਨੇ ਕੱਲ੍ਹ ਇਹ ਸਪੱਸ਼ਟ ਕੀਤਾ ਕਿ ਅਫਗਾਨਿਸਤਾਨ ਵਿੱਚ ਔਰਤਾਂ ਨੂੰ ਕ੍ਰਿਕਟ ਸਣੇ ਕੋਈ ਖੇਡ ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਤਾਲਿਬਾਨ ਦੇ ਇਸ ਐਲਾਨ ਨਾਲ ਨਵੰਬਰ ਵਿੱਚ ਹੋਬਰਟ ਵਿੱਚ ਆਸਟਰੇਲੀਆ ਅਤੇ ਅਫਗਾਨਿਸਤਾਨ ਦੀਆਂ ਪੁਰਸ਼ ਟੀਮਾਂ ਵਿਚਾਲੇ ਹੋਣ ਵਾਲੇ ਟੈਸਟ ਮੈਚ ਉੱਤੇ ਵੀ ਸਵਾਲ ਖੜ੍ਹੇ ਹੋ ਗਏ ਹਨ। ਤਾਲਿਬਾਨ ਦੇ ਸਭਿਆਚਾਰਕ ਕਮਿਸ਼ਨ ਦੇ ਉਪ ਮੁਖੀ ਅਹਿਮਦੁੱਲ੍ਹਾ ਵਾਸਿਕ ਨੇ ਐਸ ਬੀ ਐਸ ਨਿਊਜ਼ ਨੂੰ ਦਿੱਤੀ ਗਈ ਇੰਟਰਵਿਊ ਵਿੱਚ ਕਿਹਾ, "ਮੈਨੂੰ ਨਹੀਂ ਲੱਗਦਾ ਹੈ ਕਿ ਔਰਤਾਂ ਨੂੰ ਕ੍ਰਿਕਟ ਖੇਡਣ ਦੀ ਇਜਾਜ਼ਤ ਦਿੱਤੀ ਜਾਵੇਗੀ, ਕਿਉਂਕਿ ਇਹ ਜ਼ਰੂਰੀ ਨਹੀਂ ਕਿ ਔਰਤਾਂ ਕ੍ਰਿਕਟ ਖੇਡਣ। ਕ੍ਰਿਕਟ ਖੇਡਦੇ ਹੋਏ ਅਜਿਹੀ ਸਥਿਤੀ ਆ ਸਕਦੀ ਹੈ ਕਿ ਉਨ੍ਹਾਂ ਦਾ ਮੂੰਹ ਅਤੇ ਸਰੀਰ ਢੱਕਿਆ ਨਾ ਹੋਵੇ। ਇਸਲਾਮ ਔਰਤਾਂ ਨੂੰ ਇਸ ਤਰ੍ਹਾਂ ਦਿੱਸਣ ਦੀ ਇਜਾਜ਼ਤ ਨਹੀਂ ਦਿੰਦਾ। ਇਹ ਮੀਡੀਆ ਦਾ ਦੌਰ ਹੈ ਅਤੇ ਖੇਡ ਦੌਰਾਨ ਔਰਤਾਂ ਦੀਆਂ ਫੋਟੋ ਤੇ ਵੀਡੀਓਜ਼ ਬਣਾਈਆਂ ਜਾਣਗੀਆਂ ਤੇ ਲੋਕ ਉਨ੍ਹਾਂ ਨੂੰ ਦੇਖਣਗੇ। ਇਸਲਾਮ ਅਤੇ ਇਸਲਾਮੀ ਅਮੀਰਾਤ ਔਰਤਾਂ ਨੂੰ ਕ੍ਰਿਕਟ ਜਾਂ ਇਸ ਤਰ੍ਹਾਂ ਦੀ ਕੋਈ ਵੀ ਖੇਡ ਖੇਡਣ ਦੀ ਇਜਾਜ਼ਤ ਨਹੀਂ ਦਿੰਦਾ।

## ਪਾਕਿਸਤਾਨੀ ਫੌਜ ਵਿੱਚ ਵੱਡਾ ਫੇਰਬਦਲ, ਐਲ ਓ ਸੀ ਦੇਖਣ ਵਾਲਾ ਜਨਰਲ ਪ੍ਰਮੋਟ

ਇਸਲਾਮਾਬਾਦ, 9 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਦੀ ਹਕੂਮਤ ਕਾਇਮ ਹੋਣ ਦੇ ਨਾਲ ਹੀ ਪਾਕਿਸਤਾਨੀ ਫੌਜ ਵਿੱਚ ਵੀ ਸਰਗਰਮੀ ਵਧ ਗਈ ਅਤੇ ਕੰਟਰੋਲ ਰੇਖਾ (ਐਲ ਓ ਸੀ) ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਲੈਫਟੀਨੈਂਟ ਜਨਰਲ ਅਜ਼ਹਰ ਅੱਬਾਸ ਨੂੰ ਪ੍ਰਮੋਸ਼ਨ ਦੇਣ ਪਿੱਛੋਂ ਉਸ ਨੂੰ ਅਗਲਾਚੀਫ ਆਫ ਜਨਰਲ ਸਟਾਫ ਨਿਯੁਕਤ ਕਰ ਦਿੱਤਾ ਹੈ। ਫੌਜ ਵਿੱਚ ਵੱਡੇ ਪੱਧਰ ਉੱਤੇ ਹੋਏ ਇਸ ਫੇਰਬਦਲ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਚੀਫ ਆਫ ਜਨਰਲ ਸਟਾਫ ਦਾ ਅਹੁਦਾ ਫੌਜ ਦੇ ਮੁਖੀ ਦੇ ਬਾਅਦ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਲੈਫਟੀਨੈਂਟ ਜਨਰਲ ਅੱਬਾਸ ਬਲੋਚਾਂ ਵਾਲੀ ਰੈਜ਼ੀਮੈਂਟ ਤੋਂ ਹਨ। ਪਾਕਿਸਤਾਨੀ ਫੌਜ ਦੀ ਮੀਡੀਆ ਇਕਾਈ ਇੰਟਰ ਸਰਵਿਸਿਜ਼ ਜਨ ਸੰਪਰਕ (ਆਈ ਏ ਸੀ ਪੀ ਆਰ) ਵੱਲੋਂ ਜਾਰੀ ਬਿਆਨ ਮੁਤਾਬਕ ਉਹ ਲੈਫਟੀਨੈਂਟ ਜਨਰਲ ਸਾਹਿਰ ਸ਼ਮਸ਼ਾਦ ਮਿਰਜ਼ਾ ਦਾ ਥਾਂ ਲੈਣਗੇ। ਲੈਫਟੀਨੈਂਟ ਜਨਰਲ ਸਾਹਿਰ ਸ਼ਮਸ਼ਾਦ ਮਿਰਜ਼ਾ ਨੂੰ ਰਾਵਲਪਿੰਡੀ ਦੀ 10 ਕੋਰ ਦਾ ਮੁਖੀ ਬਣਾਇਆ ਗਿਆ ਹੈ। ਮਿਰਜ਼ਾ ਤੋਂ ਪਹਿਲਾਂ ਅੱਬਾਸ 10 ਕੋਰ ਦੀ ਅਗਵਾਈ ਕਰ ਰਹੇ ਸਨ। ਪਾਕਿਸਤਾਨੀ ਅਖਬਾਰ ਡਾਨ ਦੀ ਰਿਪੋਰਟ ਮੁਤਾਬਕ ਪਾਕਿਸਤਾਨੀ ਫੌਜ ਵਿੱਚ ਫੌਜ ਮੁਖੀ ਦੇ ਬਾਅਦ ਚੀਫ ਆਫ ਜਨਰਲ ਸਟਾਫ (ਸੀ ਜੀ ਐਸ) ਦਾ ਅਹੁਦਾ ਸਭ ਤੋਂ ਮਹੱਤਵਪੂਰਨ ਹੁੰਦਾ ਹੈ।

# ਤਿੰਨ ਸਿੱਖਾਂ ਦੀ ਭਾਰਤ ਹਵਾਲਗੀ ਰੋਕਣ ਲਈ ਪੰਥਕ ਕਾਨਫ਼ਰੰਸ

ਲੰਡਨ, 9 ਸਤੰਬਰ (ਪੋਸਟ ਬਿਊਰੋ)- ਤਿੰਨ ਸਿੱਖਾਂ ਦੀ ਭਾਰਤ ਹਵਾਲਗੀ ਰੋਕਣ ਲਈ ਯੂ ਕੇ ਦੇ ਸਿੱਖਾਂ ਵੱਲੋਂ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਪੰਥਕ ਕਾਨਫਰੰਨ ਕੀਤੀ ਗਈ। ਸਿੱਖ ਹਿਊਮਨ ਰਾਈਟਸ ਵੱਲੋਂ ਕਾਰਵਾਈ ਕਾਨਫ਼ਰੰਸ ਵਿੱਚ ਯੂ ਕੇ ਅਤੇ ਅਮਰੀਕਾ ਦੇ ਗੁਰਦੁਆਰਿਆਂ ਅਤੇ ਸਿੱਖ ਸੰਗਠਨਾਂ ਦੇ ਆਗੂਆਂ ਨੇ ਹਿੱਸਾ ਲਿਆ।

ਇਨ੍ਹਾਂ ਸਿੱਖ ਆਗੂਆਂ ਨੇ ਭਾਰਤ ਹਵਾਲਗੀ ਦੇ ਕੇਸ ਦਾ ਸਾਹਮਣਾ ਕਰ ਰਹੇ ਵੈਸਟ ਮਿਡਲੈਂਡਜ਼ ਦੇ ਤਿੰਨ ਸਿੱਖਾਂ ਦਾ ਸਮਰਥਨ ਕਰਦਿਆਂ ਉਨ੍ਹਾਂ ਦੀਹਵਾਲਗੀ ਦੇ ਵਿਰੋਧ ਦੀ ਵਚਨਬੱਧਤਾ ਪ੍ਰਗਟ ਕੀਤੀ। ਇਸ ਮੌਕੇ ਪੰਥਕ ਕਾਨਫਰੰਸ ਨੇ ਸਾਫ ਕਿਹਾ ਕਿ ਯੂ ਕੇ ਵਿੱਚ ਸਿੱਖ ਭਾਈਚਾਰਾ ਵੈਸਟ ਮਿਡਲੈਂਡਜ਼ ਤਿੰਨਾਂ ਸਿੱਖਾਂ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਕਾਨਫਰੰਸ ਵਿੱਚ ਤਿੰਨਾਂ ਸਿੱਖਾਂ ਦੇ ਹੱਕ ਵਿੱਚ ਹਰ ਗੁਰਦੁਆਰਾ ਸੰਗਤ ਨੂੰ ਆਪਣੇ ਸਥਾਨਕ ਪਾਰਲੀਮੈਂਟ ਮੈਂਬਰਾਂ ਅਤੇ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੂੰ ਪੱਤਰ ਭੇਜਣ ਦੀ ਅਪੀਲ ਕੀਤੀ। ਵੈਸਟਮਿੰਸਟਰ ਮੈਜਿਸਟ੍ਰੇਟ ਅਦਾਲਤ ਵਿੱਚ ਕੇਸ ਦੇ ਪਹਿਲੇ ਦਿਨ 22 ਸਤੰਬਰ 2021 ਨੂੰ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨ ਦੇ ਨਾਲ ਭਾਰਤ ਦੇ ਸਾਰੇ ਸਰਕਾਰੀ ਅਫਸਰਾਂ ਨੂੰ ਯੂ ਕੇ ਦੇ ਗੁਰਦੁਆਰਿਆਂ, ਨਗਰ ਕੀਰਤਨਾਂ ਤੇ ਕਿਸੇ ਵੀ ਸਿੱਖ ਸਮਾਗਮ 'ਚ ਉਨ੍ਹਾਂ ਦੀ ਅਧਿਕਾਰਤ ਹਾਜ਼ਰੀ ਉੱਤੇ ਪਾਬੰਦੀ ਲਾਉਣ ਦੇ ਮਤੇ ਪਾਸ ਕੀਤੇ ਗਏ। ਇਸ ਤੋਂ ਇਲਾਵਾ ਜੇਕਰ ਤਿੰਨ ਸਿੱਖਾਂ ਨੂੰ ਭਾਰਤ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ ਤਾਂ ਸਾਰੇ ਕੰਜ਼ਰਵੇਟਿਵ ਪਾਰਲੀਮੈਂਟ ਮੈਂਬਰਾਂ ਨੂੰ ਯੂ ਕੇ ਵਿੱਚਲੇ ਗੁਰਦੁਆਰਿਆਂ, ਨਗਰ ਕੀਰਤਨਾਂ ਅਤੇ ਕਿਸੇ ਹੋਰ ਸਿੱਖ ਤਿਉਹਾਰਾਂ ਮੌਕੇ ਸਮਾਗਮਾਂ ਵਿੱਚ ਆਉਣ ਉੱਤੇ ਪਾਬੰਦੀ ਲਾਉਣ ਦਾ ਮਤਾ ਵੀ ਪਾਸ ਕੀਤਾ ਗਿਆ।

# ਤਾਲਿਬਾਨੀ ਰਾਜ ਵਿੱਚ ਪਰਦਾ ਲਾ ਕੇ ਲੜਕੇ-ਲੜਕੀਆਂ ਨੂੰ ਕਰਾਈ ਜਾ ਰਹੀ ਹੈ ਪੜ੍ਹਾਈ



ਕਾਬੁਲ, 9 ਸਤੰਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ ਤਾਲਿਬਾਨ ਰਾਜ ਆਉਂਦੇ ਸਾਰ ਲੜਕੀਆਂ ਦੀ ਸਿੱਖਿਆ ਉੱਤੇ ਰੋਕ ਅਤੇ ਪਾਬੰਦੀਆਂ ਲੱਗਣੀਆਂ ਸ਼ੁਰੂ ਹੋ ਗਈਆਂ ਹਨ।

ਕਾਬੁਲ ਦੀ ਇਬਨ ਸੀਨਾ ਯੂਨੀਵਰਸਿਟੀ ਦੀ ਇੱਕ ਜਮਾਤ ਦੀ ਸਾਹਮਣੇ ਆਈ ਫੋਟੋ ਵਿੱਚ ਦੇਖਿਆ ਜਾ ਸਕਦਾ ਹੈ ਕਿ ਇੱਕ ਪਾਸੇ ਲੜਕੀਆਂ ਅਤੇ ਦੂਜੇ ਪਾਸੇ ਲੜਕੇ ਬੈਠੇ ਹਨ। ਦੋਵਾਂ ਵਿਚਾਲੇ ਇੱਕ ਪਰਦਾ ਲਾਇਆ ਗਿਆ ਹੈ ਤਾਂ ਜੋ ਉਹ ਇੱਕ ਦੂਜੇ ਨੂੰ ਨਾ ਵੇਖ ਸਕਣ ਅਤੇ ਨਾ ਗੱਲਬਾਤ ਕਰ ਸਕਣ। ਵਿਦਿਆਰਥੀਆਂ ਦੇ ਯੂਨੀਵਰਸਿਟੀ ਵਿੱਚ ਆਉਣ ਤੇ ਜਾਣ ਲਈ ਵੀ ਇਸੇ ਤਰ੍ਹਾਂ ਦੇ ਨਿਯਮ ਲਾਗੂ ਕੀਤੇ ਹਨ। ਤਾਲਿਬਾਨ ਨੇ ਦਾਅਵਾ ਕੀਤਾ ਸੀ ਕਿ ਨਵੀਂ ਸਰਕਾਰ ਵਿੱਚ ਔਰਤਾਂ ਤੇ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰ ਦਿੱਤੇ ਜਾਣਗੇ, ਪਰ ਇਹ ਫੋਟੋਜ਼ ਤਾਲਿਬਾਨੀ ਦਾਅਵਿਆਂ ਦਾ ਪਰਦਾਫਾਸ਼ ਕਰਦੀਆਂ ਹਨ। ਤਾਲਿਬਾਨ ਦੀ ਸਿੱਖਿਆ ਅਥਾਰਿਟੀ ਨੇ ਨੋਟੀਫ਼ਿਕੇਸ਼ਨ ਜਾਰੀ ਕਰਕੇ ਯੂਨੀਵਰਸਿਟੀਆਂ ਅਤੇ ਵੱਡੀਆਂ ਜਮਾਤਾਂ ਵਿੱਚ ਪੜ੍ਹਨ ਵਾਲੀਆਂ ਵਿਦਿਆਰਥਣਾਂ ਲਈ ਨਵੇਂ ਨਿਯਮਾਂ ਦਾ ਐਲਾਨ ਕੀਤਾ ਹੈ, ਜਿਸ ਹੇਠ ਸਿਰਫ਼ ਮਹਿਲਾ ਟੀਚਰ ਹੀ ਕੁੜੀਆਂ ਨੂੰ ਪੜ੍ਹਾਏਗੀ। ਜੇ ਇਹ ਸੰਭਵ ਨਹੀਂ ਤਾਂ ਸਿਰਫ਼ 'ਚੰਗੇ ਚਰਿੱਤਰ' ਵਾਲੇ ਬਜ਼ੁਰਗ ਟੀਚਰ ਨੂੰ ਵਿਦਿਆਰਥਣਾਂ ਨੂੰ ਪੜ੍ਹਾਉਣ ਦੀ ਆਗਿਆ ਹੋਵੇਗੀ। ਯੂਨੀਵਰਸਿਟੀਆਂ ਵਿੱਚ ਜਾਂਦੀਆਂ ਪ੍ਰੋਫੈਸਰਾਂ ਤੇ ਕੁੜੀਆਂ ਲਈ ਰਵਾਇਤੀ ਕੱਪੜੇ ਵੀ ਲਾਜ਼ਮੀ ਹਨ।

# ਭਾਜਪਾ ਵਿਧਾਇਕ ਸ਼ੁਵੇਂਦੂ ਅਧਿਕਾਰੀ ਸੀ ਆਈ ਡੀ ਅੱਗੇ ਪੇਸ਼ ਨਹੀਂ ਹੋਇਆ



ਕੋਲਕਾਤਾ, 9 ਸਤੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਵਿਰੋਧੀ ਧਿਰ ਦਾ ਆਗੂ ਸ਼ੁਵੇਂਦੂ ਅਧਿਕਾਰੀ ਆਪਣੇ ਅੰਗ ਰੱਖਿਅਕ ਦੀ ਮੌਤ ਦੇ ਕੇਸ ਵਿੱਚ ਕੱਲ੍ਹ ਪੱਛਮੀ ਬੰਗਾਲ ਦੀ ਸੀ ਆਈ ਡੀ ਅੱਗੇ ਪੇਸ਼ ਨਹੀਂ ਹੋਇਆ। ਨੰਦੀਗ੍ਰਾਮ ਹਲਕੇ ਤੋਂ ਭਾਜਪਾ ਦੇ ਵਿਧਾਇਕ ਸ਼ੁਵੇਂਦੂ ਅਧਿਕਾਰੀ ਨੂੰ ਉਸ ਦੇ ਗੰਨਮੈਨ ਸ਼ੁਭਬ੍ਰਤ ਚੱਕਰਵਰਤੀ ਦੀ ਮੌਤ ਦੇ ਕੇਸ ਵਿੱਚ ਇੱਥੇ ਸੀ ਆਈ ਡੀ ਦੇ ਦਫਤਰ ਵਿੱਚ ਤਲਬ ਕੀਤਾ ਗਿਆ ਸੀ।

ਇੱਕ ਅਧਿਕਾਰੀ ਨੇ ਦੱਸਿਆ ਕਿ ਸ਼ੁਵੇਂਦੂ ਨੇ ਸਵੇਰੇ ਸਾਢੇ ਨੌਂ ਵਜੇ ਈ-ਮੇਲ ਭੇਜੀ ਕਿ ਕੁਝ ਸਿਆਸੀ ਰੁਝੇਵੇਂ ਹੋਣ ਕਾਰਨ ਉਹ ਪੇਸ਼ ਨਹੀਂ ਹੋ ਸਕਦਾ ਹੈ। ਸੀ ਆਈ ਡੀ ਨੇ ਸ਼ੁਵੇਂਦੂ ਅਧਿਕਾਰੀ ਦੀ ਮੇਲ ਮਿਲਣ ਦੇ ਬਾਅਦ ਅਗਲੇ ਸੰਭਾਵੀ ਕਦਮ ਲਈ ਰਣਨੀਤੀ ਬਣਾਈ ਹੈ। ਜਾਣਕਾਰ ਸੂਤਰਾਂ ਨੇ ਕਿਹਾ ਕਿ ਸ਼ੁਵੇਂਦੂ ਨੂੰ ਫਿਰ ਸੰਮਨ ਭੇਜੇ ਜਾ ਸਕਦੇ ਹਨ। ਏਦਾਂ ਦੀ ਜਾਂਚ ਦੇ ਸਬੰਧ ਵਿੱਚ ਸੀ ਆਈ ਡੀ ਟੀਮ ਪਹਿਲਾਂ ਹੀ ਸ਼ੁਵੇਂਦੂ ਅਧਿਕਾਰੀ ਦੀ ਰਿਹਾਇਸ਼ ਦਾ ਦੌਰਾ ਕਰ ਚੁੱਕੀ ਹੈ।

ਵਰਨਣ ਯੋਗ ਹੈ ਕਿ ਗੰਨਮੈਨ ਨੇ ਅਧਿਕਾਰੀ ਦੀ ਰਿਹਾਇਸ਼ ਅੱਗੇ ਅਕਤੂਬਰ 2018 ਵਿੱਚ ਆਪਣੀ ਸਰਕਾਰੀ ਰਿਵਾਲਵਰ ਨਾਲ ਗੋਲੀ ਮਾਰ ਲਈ ਸੀ। ਸੀ ਆਈ ਡੀ ਨੇ ਅੱਜ ਤਕ ਇਸ ਕੇਸ ਵਿੱਚ 11 ਪੁਲਸ ਕਰਮਚਾਰੀਆਂ ਸਮੇਤ 15 ਵਿਅਕਤੀਆਂ ਤੋਂ ਪੁੱਛ-ਪੜਤਾਲ ਕੀਤੀ ਹੈ।

# ਅਮਰੀਕਾ ਪੁੱਜੇ 80 ਹਜ਼ਾਰ ਅਫ਼ਗਾਨੀਆਂ ਬਾਰੇ ਪੈਂਟਾਗਨ ਜਾਂਚ ਕਰਨ ਲੱਗਾ



ਵਾਸ਼ਿੰਗਟਨ, 9 ਸਤੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਅਫ਼ਗ਼ਾਨਿਸਤਾਨ ਤੋਂ ਆਖਰੀ ਜਹਾਜ਼ ਚੱਲੇ ਹੋਏ ਹਫ਼ਤਾ ਹੋ ਗਿਆ ਹੈ। ਇਸ ਕੌਮਾਂਤਰੀ ਉਥਲ ਪੁਥਲ ਦੌਰਾਨ ਅਮਰੀਕਾ ਸਾਹਮਣੇ ਇੱਕ ਚੁਣੌਤੀ ਇਹ ਵੀ ਹੈ ਕਿ ਜਿਹੜੇ ਅਫ਼ਗਾਨੀ ਨਾਗਰਿਕਾਂ ਨੂੰ ਉਹ ਬਤੌਰ ਰਫਿਊਜੀ ਅਫ਼ਗਾਨਿਸਤਾਨ ਤੋਂ ਕੱਢ ਕੇ ਲਿਆਇਆ ਹੈ, ਉਨ੍ਹਾਂ ਕਿਵੇਂ ਵਸਾਏ ਜਾਣ।

ਰਾਸ਼ਟਰਪਤੀ ਬਾਈਡਨ ਦੀ ਸਰਕਾਰ ਦੇ ਅਧਿਕਾਰੀਆਂ ਮੁਤਾਬਕ ਇਨ੍ਹਾਂ ਅਫ਼ਗਾਨੀ ਰਫਿਊਜੀਆਂ ਦੀ ਗਿਣਤੀ 80 ਹਜ਼ਾਰ ਤੋਂ ਜ਼ਿਆਦਾ ਹੈ। ਇਸ ਦੇਸ਼ ਵਿੱਚ ਵੱਸਣ ਤੋਂ ਪਹਿਲਾਂ ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ, ਜਿਸ ਦੇ ਲਈ ਪੈਂਟਾਗਨ ਦੇ ਚਾਰ ਫੌਜੀ ਅੱਡਿਆਂ ਤੋਂ ਇਲਾਵਾ ਕੁਝ ਹੋਰ ਥਾਂਵਾਂ ਨੂੰ ਤਿਆਰ ਕੀਤਾ ਗਿਆ ਹੈ।ਇਸ ਜਾਂਚ ਤੋਂ ਬਾਅਦ ਹੀ ਉਨ੍ਹਾਂ ਨੂੰ ਸਪੈਸ਼ਲ ਇਮੀਗਰੈਂਟ ਦਾ ਵੀਜ਼ਾ ਦਿੱਤਾ ਜਾ ਰਿਹਾ ਹੈ। ਕੁਝ ਲੋਕ ਜਾਂਚ ਵਿੱਚ ਸਹੀ ਪਾਏ ਜਾਣ ਤੋਂ ਬਾਅਦ ਵੀਜ਼ੇ ਦੀ ਸ਼ਰਤਾਂ ਪੂਰੀਆਂ ਨਹੀਂ ਕਰ ਸਕਦੇ। ਇਨ੍ਹਾਂ ਨੂੰ ਮਨੁੱਖੀ ਆਧਾਰ ਉਤੇ ਪੈਰੋਲ ਦੇ ਕੇ ਦੇਸ਼ ਵਿੱਚ ਐਂਟਰ ਹੋਣ ਦੀ ਆਗਿਆ ਦਿੱਤੀ ਜਾ ਰਹੀ ਹੈ।ਬਾਈਡਨ ਸਰਕਾਰ ਦੇ ਅਧਿਕਾਰੀ ਕਹਿੰਦੇ ਹਨ ਕਿ ਅਫਗਾਨਿਸਤਾਨ ਤੋਂ ਜੋ ਲੋਕ ਅਮਰੀਕਾ ਆ ਰਹੇ ਹਨ, ਉਨ੍ਹਾਂ ਨੂੰ ਪਹਿਲਾਂ ਫੌਜੀ ਅੱਡੇ ਉੱਤੇ ਰੱਖਿਆ ਜਾ ਰਿਹਾ ਹੈ। ਅਗਲੇ 30 ਦਿਨਾਂ ਤਕ ਉਨ੍ਹਾਂ ਦੀ ਜਾਂਚ ਹੋਏਗੀ। ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਦੇ ਅਧਿਕਾਰੀ ਦਾ ਕਹਿਣਾਹੈ ਕਿ ਰਫਿਊਜੀਆਂ ਦਾ ਪੂਰਾ ਇਤਿਹਾਸ ਫੋਲਣ ਦੇ ਨਾਲ ਬਾਇਓਮੈਟ੍ਰਿਕ ਜਾਂਚ ਵੀ ਹੋ ਰਹੀ ਹੈ। ਕੁਝ ਲੋਕਾਂ ਨੂੰ ਇਸ ਜਾਂਚ ਦੇ ਸਿਲਸਿਲੇ ਵਿੱਚ ਕਤਰ ਵੀ ਲਿਜਾਇਆ ਗਿਆ, ਜਾਂਚ ਲਈ ਪੈਂਟਾਗਨ ਨੇ ਆਪਣੇ ਚਾਰ ਸੈਨਿਕ ਬੇਸ ਤੈਅ ਕੀਤੇ ਹਨ।

# ਪੜਪੋਤੀ ਨੂੰ ਪੜਦਾਦਾ-ਪੜਦਾਦੀ ਦਾ 146 ਸਾਲ ਪੁਰਾਣਾ ਵਿਆਹ ਦਾ ਸਰਟੀਫਿਕੇਟ ਸਟੋਰ ਵਿੱਚੋਂ ਮਿਲਿਆ




ਵਾਸ਼ਿੰਗਟਨ, 9 ਸਤੰਬਰ (ਪੋਸਟ ਬਿਊਰੋ)- ਅਮਰੀਕੀ ਸੂਬੇ ਨਾਰਥ ਕੈਰੋਲੀਨਾ ਦੇ ਹੋਪ ਚੈਸਟ ਸਟੋਰ ਵਿੱਚ ਪਿਛਲੇ ਦਿਨੀਂ 146 ਸਾਲ ਪੁਰਾਣਾ ਇੱਕ ਮੈਰਿਜ ਸਰਟੀਫਿਕੇਟ ਮਿਲਿਆ, ਜਿਸ ਨੂੰ ਉਸ ਜੋੜੇ ਦੇ ਪਰਵਾਰ ਨੂੰ ਸੌਂਪ ਦਿੱਤਾ ਗਿਆ। ਸਟੋਰ ਮੈਨੇਜਰ ਪੈਮ ਫਲਿਪਸ ਨੂੰ ਇਹ ਸਰਟੀਫਿਕੇਟ ਸਫਾਈ ਕਰਦੇ ਹੋਏ ਮਿਲਿਆ।

ਇੱਕ ਫੋਟੋ ਫਰੇਮ ਵਿੱਚ ਬੰਦ ਇਸ ਮੈਰਿਜ ਸਰਟੀਫਿਕੇਟ ਉੱਤੇ ਨਿਊਜਰਸੀ ਦੇ ਜੋੜੇ ਵਿਲੀਅਮ ਅਤੇ ਕੇਟੀ ਦੇ ਵਿਆਹ ਦੀ ਤਰੀਕ 11 ਅਪ੍ਰੈਲ 1875 ਲਿਖੀ ਹੋਈ ਸੀ। ਉਨ੍ਹਾਂ ਨੇ ਸਟੋਰ ਦੇ ਡਾਇਰੈਕਟਰ ਨੂੰ ਸਰਟੀਫਿਕੇਟ ਦਿਖਾਇਆ, ਜਿਨ੍ਹਾਂ ਨੇ ਇਸ ਦੇ ਮਾਲਕ ਦੇ ਪਰਵਾਰ ਨੂੰ ਲੱਭਣ ਦਾ ਫੈਸਲਾ ਲਿਆ। ਫਲਿਪਸ ਨੇ ਸੋਸ਼ਲ ਮੀਡੀਆ ਉੱਤੇ ਸਰਟੀਫਿਕੇਟ ਦੀ ਤਸਵੀਰ ਪਾਈ ਤਾਂ ਕਈ ਲੋਕਾਂ ਨੇ ਉਨ੍ਹਾਂ ਨਾਲ ਸੰਪਰਕ ਕੀਤਾ। ਇਨ੍ਹਾਂ ਵਿੱਚੋਂ ਇੱਕ ਨਿਊ ਯਾਰਕ ਦੀ ਹੀਰੇਨ ਕੋਰਨਿਸ਼ ਸੀ, ਜਿਹੜੀ ਐਂਸੈਸਟ੍ਰੀ ਡਾਟ ਕਾਮ ਦੇ ਜ਼ਰੀਏ ਆਪਣੇ ਪਰਵਾਰ ਦੀਆਂ ਜੜ੍ਹਾਂ ਲੱਭ ਰਹੀ ਸੀ। ਐਂਸੈਸਟ੍ਰੀ ਡਾਟ ਕਾਮ ਉੱਤੇ ਸਾਬਤ ਹੋ ਗਿਆ ਕਿ ਇਰੇਨ ਹੀ ਵਿਲੀਅਮ ਅਤੇ ਕੇਟੀ ਦੀ ਪੜਪੋਤੀ ਸੀ। ਇਸ ਪਿੱਛੋਂ ਸਟੋਰ ਨੇ ਇਹ ਸਰਟੀਫਿਕੇਟ ਇਰੇਨ ਨੂੰ ਦੇ ਦਿੱਤਾ। ਇਰੇਨ ਦੱਸਦੀ ਹੈ ਕਿ ਮੈਂ ਨਹੀਂ ਜਾਣਦੀ ਕਿ ਇਹ ਮੈਰਿਜ ਸਰਟੀਫਿਕੇਟ ਨਾਰਥ ਕੈਰੋਲੀਨਾ ਕਿਵੇਂ ਪਹੁੰਚ ਗਿਆ, ਪਰ ਇਸ ਵਕਤ ਇਹ ਮੇਰੇ ਕੋਲ ਹੈ ਅਤੇ ਸਾਡੇ ਪਰਵਾਰ ਦਾ ਹਿੱਸਾ ਰਹੇਗਾ।

# ਪਾਕਿਸਤਾਨ ਜਾਣ ਲਈ ਹਜ਼ਾਰਾਂ ਅਫਗਾਨੀ ਲੋਕ ਸਰਹੱਦ ਉਤੇ ਫਸੇ

ਕੰਧਾਰ, 8 ਸਤੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਉੱਤੇ ਤਾਲਿਬਾਨ ਦਾ ਕਬਜ਼ਾ ਹੋਣ ਪਿੱਛੋਂ ਸਭ ਤੋਂ ਵੱਧ ਖਰਾਬ ਹਾਲਤ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਇਲਾਕੇ ਸਪਿਨ ਬੋਲਡਕ ਵਿੱਚ ਹੈ। ਇੱਥੇ ਹਜ਼ਾਰਾਂ ਅਫਗਾਨ ਨਾਗਰਿਕ ਫਸੇ ਹੋਏ ਹਨ, ਜਿਹੜੇ ਪਾਕਿਸਤਾਨ ਜਾਣਾ ਚਾਹੁੰਦੇ ਹਨ। ਪਾਕਿਸਤਾਨ ਦੇ ਗ੍ਰਹਿ ਮੰਤਰੀ ਸ਼ੇਖ਼ ਰਾਸ਼ਿਦ ਅਹਿਮਦ ਨੇ ਸਾਫ ਕਹਿ ਦਿੱਤਾ ਹੈ ਕਿ ਸਰਹੱਦ ਉੱਤੇ ਕੋਈ ਨਵਾਂ ਸ਼ਰਨਾਰਥੀ ਕੈਂਪ ਨਹੀਂ ਬਣਾਇਆ ਜਾਵੇਗਾ।

ਪਜ਼ਵੋਕ ਅਫਗਾਨ ਨਿਊਜ਼ ਦੇ ਮੁਤਾਬਕ ਦੱਖਣੀ ਕੰਧਾਰ ਸੂਬੇ ਦੇ ਸਪਿਨ ਬੋਲਡਕ ਜ਼ਿਲ੍ਹੇ ਵਿੱਚ ਹਜ਼ਾਰਾਂ ਅਫਗਾਨ ਲੋਕ ਜਮ੍ਹਾਂ ਹਨ। ਇਹ ਸਾਰੇ ਅਫਗਾਨਿਸਤਾਨ ਵਿੱਚ ਹਾਲਾਤ ਵਿਗੜਨ ਪਿੱਛੋਂ ਦੇਸ਼ ਤੋਂ ਬਾਹਰ ਨਿਕਲਣ ਲਈ ਪਾਕਿ ਜਾਣਾ ਚਾਹੁੰਦੇ ਹਨ। ਸਾਰੇ ਪਰਵਾਰ ਜ਼ਿਆਦਾਤਰ ਉਤਰ ਤੇ ਪੂਰਬੀ ਅਫਗਾਨਿਸਤਾਨ ਵਿੱਚੋਂ ਹਨ। ਬਾਰਡਰ ਤੋਂ ਸਿਰਫ ਕੰਧਾਰ ਦੇ ਪਛਾਣ ਪੱਤਰ ਨਾਲ ਪਾਕਿਸਤਾਨ ਜਾਣ ਦਿੱਤਾ ਜਾ ਰਿਹਾ ਹੈ। ਅਬਦੁਲ ਬਦੂਦ ਉਨ੍ਹਾਂ ਅਫਗਾਨ ਨਾਗਰਿਕਾਂ ਵਿੱਚੋਂ ਇੱਕ ਹਨ, ਜਿਹੜੇ ਮਜ਼ਾਰ-ਏ-ਸ਼ਰੀਫ ਤੋਂ ਆ ਕੇ ਆਪਣੇ ਪਰਵਾਰ ਦੇ ਪੰਜ ਮੈਂਬਰਾਂ ਨਾਲ ਇੱਥੇ ਰੁਕੇ ਹਨ। ਤਾਲਿਬਾਨ ਦਾ ਕਬਜ਼ਾ ਹੋਣ ਪਿੱਛੋਂ ਉਹ ਦੇਸ਼ ਛੱਡਣਾ ਚਾਹੁੰਦਾ ਹੈ। ਉਹ ਆਪਣੇ ਤੇ ਪਰਵਾਰ ਦੇ ਭਵਿੱਖ ਬਾਰੇ ਚਿੰਤਤ ਹੈ। ਉਸ ਨੇ ਕਿਹਾ ਕਿ ਇੱਥੇ ਕਈ ਪਰਵਾਰ ਅਜਿਹੇ ਹਨ, ਜਿਨ੍ਹਾਂ ਕੋਲ ਆਪਣੇ ਬੱਚਿਆਂ ਲਈ ਖਾਣਾ ਖਰੀਦਣ ਤਕ ਦੇ ਪੈਸੇ ਨਹੀਂ। ਹਜ਼ਾਰਾਂ ਲੋਕ ਇਸ ਉਮੀਦ ਨਾਲ ਗੇਟ ਉੱਤੇ ਖੜ੍ਹੇ ਹੋਏ ਹਨ ਕਿ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਜਾਣ ਦਾ ਮੌਕਾ ਮਿਲ ਜਾਵੇ।

ਦੂਜੇ ਪਾਸੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਸ਼ੇਖ਼ ਰਾਸ਼ਿਦ ਅਹਿਮਦ ਨੇ ਕਿਹਾ ਕਿ ਹਿੰਸਾ ਨਾਲ ਪ੍ਰਭਾਵਤ ਗੁਆਂਢੀ ਦੇਸ਼ ਤੋਂ ਭੱਜਦੇ ਅਫਗਾਨ ਨਾਗਰਿਕਾਂ ਲਈ ਕੋਈ ਵੀ ਨਵਾਂ ਸ਼ਰਨਾਰਥੀ ਕੈਂਪ ਨਹੀਂ ਬਣਾਇਆ ਜਾ ਰਿਹਾ। ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਕਾਬੁਲ ਉੱਤੇ ਤਾਲਿਬਾਨ ਦਾ ਕਬਜ਼ਾ ਹੋਣ ਪਿੱਛੋਂ ਉਥੋਂ ਨਿਕਲਣ ਦੇ ਲੋਕਾਂ ਦੇ ਰੁਝਾਨ ਦੌਰਾਨ ਅਫਗਾਨਿਸਤਾਨ ਤੋਂ ਆਉਣ ਵਾਲੇ ਚਾਰ ਹਜ਼ਾਰ ਲੋਕਾਂ ਦੇ ਵੀਜ਼ਾ ਬਣਾਏ ਗਏ ਸਨ। ਇਹ ਟਰਾਜ਼ਿਟ ਵੀਜ਼ੇ ਤਿੰਨ ਹਫਤੇ ਲਈ ਸਨ, ਜਿਸ ਨਾਲ ਪੱਛਮੀ ਦੇਸ਼ਾਂ ਦੇ ਲੋਕ ਇੱਥੋਂ ਆਪਣੇ ਦੇਸ਼ਾਂ ਨੂੰ ਪਰਤ ਸਕਣ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695
ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

## ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Iqbal Mahal
Producer & Host
Serving the South Asian Community Since 1976

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS · JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

## ਬਰੈਂਪਟਨ ਦੇ ਘਰ ਉੱਤੇ ਗੋਲੀ ਚਲਾਉਣ ਵਾਲੇ ਮਸ਼ਕੂਕ ਨੂੰ ਪੁਲਿਸ ਨੇ ਦੱਸਿਆ ਖਤਰਨਾਕ



ਬਰੈਂਪਟਨ, 9 ਸਤੰਬਰ (ਪੋਸਟ ਬਿਊਰੋ) : ਬਰੈਂਪਟਨ ਦੇ ਇੱਕ ਘਰ ਉੱਤੇ ਗੋਲੀਆਂ ਚਲਾਉਣ ਵਾਲੇ ਮਸ਼ਕੂਕ ਦੀ ਪੀਲ ਰੀਜਨਲ ਪੁਲਿਸ ਵੱਲੋਂ ਪਛਾਣ ਕਰ ਲਈ ਗਈ ਹੈ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਇਹ ਘਟਨਾ ਸੋਮਵਾਰ ਨੂੰ ਦੁਪਹਿਰੇ 3:00 ਵਜੇ ਉਦੋਂ ਵਾਪਰੀ ਜਦੋਂ ਤਿੰਨ ਵਿਅਕਤੀ ਆਰਡਗਲੈਨ ਡਰਾਈਵ ਤੇ ਵਿਲਟਨ ਡਰਾਈਵ ਵਿੱਚ ਸਥਿਤ ਇਸ ਘਰ ਦੀ ਬੇਸਮੈਂਟ ਵਿੱਚ ਮੌਜੂਦ ਸਨ। ਇਹ ਦੋਸ਼ ਲਾਇਆ ਗਿਆ ਕਿ ਮਸ਼ਕੂਕ ਨੇ ਇੱਕ 20 ਸਾਲਾ ਮਹਿਲਾ ਉੱਤੇ ਗੋਲੀ ਚਲਾਈ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਉਹ ਮੌਕੇ ਤੋਂ ਫਰਾਰ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਇੱਕ 18 ਸਾਲਾ ਵਿਅਕਤੀ ਨੂੰ ਕੋਈ ਸੱਟ ਫੇਟ ਨਹੀਂ ਲੱਗੀ। ਉਸ ਮਹਿਲਾ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਜ਼ੇਰੇ ਇਲਾਜ ਹੈ। ਬੁੱਧਵਾਰ ਨੂੰ ਪੁਲਿਸ ਨੇ ਵਾਂਟਿਡ ਮਸ਼ਕੂਕ ਦੀ ਪਛਾਣ 19 ਸਾਲਾ ਇਸਾਇਆਹ ਬਾਚੂ ਵਜੋਂ ਕੀਤੀ ਹੈ ਤੇ ਇਸ ਨੂੰ ਹਥਿਆਰਬੰਦ ਤੇ ਖਤਰਨਾਕ ਦੱਸਿਆ ਜਾ ਰਿਹਾ ਹੈ।

## ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਪਹਿਲਾਂ ਜਿੰਨੀਆਂ ਹੀ ਰੱਖੀਆਂ

ਓਟਵਾ, 9 ਸਤੰਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਵੱਲੋਂ ਬੁੱਧਵਾਰ ਨੂੰ ਆਪਣੀਆਂ ਵਿਆਜ਼ ਦਰਾਂ ਪਹਿਲਾਂ ਜਿੰਨੀਆਂ ਹੀ ਰੱਖੀਆਂ ਗਈਆਂ ਤੇ ਇਨ੍ਹਾਂ ਵਿੱਚ ਕੋਈ ਵਾਧਾ ਦਰਜ ਨਹੀਂ ਕੀਤਾ ਗਿਆ। ਬੈਂਕ ਨੇ ਚੇਤਾਵਨੀ ਦਿੱਤੀ ਕਿ ਮਹਾਂਮਾਰੀ ਦੀ ਚੌਥੀ ਵੇਵ ਕਾਰਨ ਅਤੇ ਸਪਲਾਈ ਵਿੱਚ ਵਿਘਨ ਪੈਣ ਨਾਲ ਆਰਥਿਕ ਰਿਕਵਰੀ ਵਿੱਚ ਅੜਿੱਕਾ ਪੈ ਸਕਦਾ ਹੈ।




ਬੈਂਕ ਵੱਲੋਂ ਆਪਣੀਆਂ ਵਿਆਜ਼ ਦਰਾਂ 0·25 ਫੀ ਸਦੀ ਉੱਤੇ ਹੀ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਬੈਂਕ ਨੇ ਆਪਣੇ ਫੈਸਲੇ ਵਿੱਚ ਆਖਿਆ ਕਿ ਹਾਲ ਦੀ ਘੜੀ ਰਿਕਵਰੀ ਜਾਰੀ ਹੈ ਜਿਸ ਲਈ ਮੁੱਦਰਾ ਸਬੰਧੀ ਵਿਲੱਖਣ ਨੀਤੀ ਦੀ ਲੋੜ ਹੈ। ਇਸ ਤੋਂ ਪਹਿਲਾਂ ਪ੍ਰਾਪਤ ਜਾਣਕਾਰੀ ਅਨੁਸਾਰ ਅਰਥਸ਼ਾਸਤਰੀਆਂ ਨੂੰ ਉਮੀਦ ਸੀ ਕਿ ਬੈਂਕ ਆਪਣੀਆਂ ਵਿਆਜ ਦਰਾਂ ਪਹਿਲਾਂ ਵਾਂਗ ਹੀ 0·25 ਫੀ ਸਦੀ ਉੱਤੇ ਹੀ ਰਹਿਣ ਦੇਵੇਗਾ। ਪਰ ਬੈਂਕ ਦੀ ਅਰਥਚਾਰੇ ਬਾਰੇ ਕੀ ਰਾਇ ਹੈ ਇਹ ਜਾਨਣ ਦੀ ਸਾਰੇ ਤਾਂਘ ਲਾਈ ਬੈਠੇ ਹਨ। ਵਿਆਜ ਦਰਾਂ ਬਾਰੇ ਫੈਸਲਾ ਵੀਰਵਾਰ ਨੂੰ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲੈਮ ਵੱਲੋਂ ਦਿੱਤੇ ਜਾਣ ਵਾਲੇ ਭਾਸ਼ਣ ਤੋਂ ਪਹਿਲਾਂ ਆ ਰਿਹਾ ਹੈ।

ਦ ਬੈਂਕ ਆਫ ਕੈਨੇਡਾ ਦਾ ਕਹਿਣਾ ਹੈ ਕਿ ਉਹ ਆਪਣੀਆਂ ਵਿਆਜ ਦਰਾਂ ਉਦੋਂ ਤੱਕ ਜ਼ੀਰੋ ਦੇ ਨੇੜੇ ਤੇੜੇ ਰੱਖੇਗਾ ਜਦੋਂ ਤੱਕ ਅਰਥਚਾਰਾ ਇਨ੍ਹਾਂ ਵਿੱਚ ਵਾਧੇ ਨੂੰ ਸਾਂਭਣ ਜੋਗਾ ਨਹੀਂ ਹੋ ਜਾਂਦਾ। ਅਜਿਹਾ 2022 ਦੇ ਦੂਜੇ ਅੱਧ ਤੋਂ ਪਹਿਲਾਂ ਹੋਣ ਦੀ ਕੋਈ ਉਮੀਦ ਨਹੀਂ ਹੈ। ਸੈਂਟਰਲ ਬੈਂਕ ਨੇ ਇਸ ਸਾਲ ਜੁਲਾਈ ਵਿੱਚ ਆਰਥਿਕ ਵਿਕਾਸ ਦੀ ਉਮੀਦ ਛੱਡ ਦਿੱਤੀ ਸੀ।

ਉਸ ਸਮੇਂ ਬੈਂਕ ਨੇ ਆਖਿਆ ਸੀ ਕਿ 2021 ਵਿੱਚ ਅਰਥਚਾਰੇ ਦੇ 6·0 ਫੀ ਸਦੀ ਤੱਕ ਵਿਕਾਸ ਕਰਨ ਦੀ ਸੰਭਾਵਨਾ ਹੈ, ਜੋ ਕਿ ਪਹਿਲਾਂ ਕੀਤੀ ਗਈ ਇਸ ਦੀ 6·5 ਫੀ ਸਦੀ ਦੀ ਪੇਸ਼ੀਨਿਗੋਈ ਤੋਂ ਘੱਟ ਸੀ। 2022 ਲਈ ਬੈਂਕ ਵੱਲੋਂ 4·6 ਫੀ ਸਦੀ ਵਿਕਾਸ ਦੀ ਸੰਭਾਵਨਾ ਦੀ ਪੇਸ਼ੀਨਿਗੋਈ ਕੀਤੀ ਗਈ ਹੈ, ਜੋ ਕਿ ਇਸ ਦੀ ਪਹਿਲਾਂ ਕੀਤੀ ਗਈ 3·7 ਫੀ ਸਦੀ ਦੀ ਭਵਿੱਖਬਾਣੀ ਤੋਂ ਵੱਧ ਹੈ।

## 30 ਸਤੰਬਰ ਨੂੰ ਓਨਟਾਰੀਓ ਵਿੱਚ ਨਹੀਂ ਹੋਵੇਗੀ ਵਿਧਾਨਕ ਛੁੱਟੀ

ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ 30 ਸਤੰਬਰ, ਨੈਸ਼ਨਲ ਟਰੁੱਥ ਐਂਡ ਰੀਕੌਂਸੀਲਿਏਸ਼ਨ ਡੇਅ, ਨੂੰ ਪ੍ਰੋਵਿੰਸ ਵੱਲੋਂ ਵਿਧਾਨਕ ਛੁੱਟੀ ਨਹੀਂ ਕੀਤੀ ਜਾਵੇਗੀ।




ਬੁੱਧਵਾਰ ਰਾਤ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਇੰਡੀਜੀਨਸ ਅਫੇਅਰਜ਼ ਮੰਤਰੀ ਗ੍ਰੈੱਗ ਰਿੱਕਫੋਰਡ ਦੇ ਬੁਲਾਰੇ ਨੇ ਇੱਕ ਬਿਆਨ ਜਾਰੀ ਕਰਕੇ ਇਸ ਦੀ ਜਾਣਕਾਰੀ ਦਿੱਤੀ। ਕੈਨੇਡਾ ਵਿੱਚ ਰੈਜ਼ੀਡੈਂਸ਼ੀਅਲ ਸਕੂਲਜ਼ ਦੇ ਤ੍ਰਾਸਦਿਕ ਵਿਰਸੇ ਦੇ ਸਬੰਧ ਵਿੱਚ ਫੈਡਰਲ ਵਿਧਾਨਕ ਛੁੱਟੀ ਲਈ ਜੂਨ ਵਿੱਚ ਸ਼ਾਹੀ ਮਨਜ਼ੂਰੀ ਮਿਲ ਗਈ ਸੀ ਤੇ 30 ਸਤੰਬਰ ਦਾ ਦਿਨ ਟਰੁੱਥ ਐਂਡ ਰੀਕੌਂਸੀਲਿਏਸ਼ਨ ਲਈ ਸਾਲਾਨਾ ਕੌਮੀ ਦਿਵਸ ਵਜੋਂ ਮਿਥਿਆ ਗਿਆ ਸੀ।

ਇਹ ਵਿਧਾਨਕ ਛੁੱਟੀ ਫੈਡਰਲ ਸਰਕਾਰ ਤੇ ਫੈਡਰਲ ਸਰਕਾਰ ਵੱਲੋਂ ਨਿਯੰਤਰਿਤ ਕੰਮ ਵਾਲੀਆਂ ਥਾਂਵਾਂ ਦੇ ਇੰਪਲੌਈਜ਼ ਲਈ ਹੋਵੇਗੀ। ਬਿਆਨ ਵਿੱਚ ਆਖਿਆ ਗਿਆ ਕਿ ਇੰਪਲੌਇਰਜ਼ ਤੇ ਇੰਪਲੌਈਜ਼ ਇਸ ਨੂੰ ਵਿਧਾਨਕ ਛੁੱਟੀ ਵਜੋਂ ਮਨਾਉਣ ਲਈ ਸਹਿਮਤ ਹੋ ਸਕਦੇ ਹਨ। ਹੁਣ ਤੱਕ ਬੀਸੀ, ਮੈਨੀਟੋਬਾ, ਨੋਵਾ ਸਕੋਸ਼ੀਆ ਤੇ ਨੌਰਥ ਵੈਸਟ ਟੈਰੇਟਰੀਜ਼ ਵੱਲੋਂ ਇਸ ਦਿਨ ਨੂੰ ਵਿਧਾਨਕ ਛੁੱਟੀ ਵਜੋਂ ਮਾਨਤਾ ਦਿੱਤੀ ਗਈ ਹੈ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




### Matrimonial




ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

### ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422, ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : match-jatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

### ਲੜਕੀ ਦੀ ਲੋੜ

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

### ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

### Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.




ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

### CHANGE OF NAME

I, Gurjinder Singh S/O Sh. Balwinder Singh, Village Sarain, P.O. Hussainpur Lalowal, Distt. Hoshiarpur, address in Canada 3343 Jinnies Way, London, ON (N6L0C5), Mob. 647-649-1700, have changed my name to Gurjinder Singh Sahota. I shall henceforth be known as Gurjinder Singh Sahota.

### WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER
WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

### ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

### ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

**ਸੰਪਰਕ: 647-391-3365**

WORK MATCH INC.

ਲੈਂਡਸਕੇਪ ਕਾਮਿਆਂ ਦੀ ਲੋੜ

ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ

- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।



ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com





## ਮਾਪਿਆਂ ਦੇ ਕਤਲ ਦੇ ਸਬੰਧ ਵਿੱਚ ਪੁੱਤ ਨੂੰ ਕੀਤਾ ਗਿਆ ਚਾਰਜ




ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਸਕਾਰਬੌਰੋ ਵਿੱਚ ਦੂਹਰੇ ਕਤਲ ਦੇ ਸ਼ਿਕਾਰ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ। ਇਸ ਦੂਹਰੇ ਕਤਲਕਾਂਡ ਲਈ ਜਿਸ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ ਇਹ ਦੋਵੇਂ ਉਸ ਦੇ ਮਾਪੇ ਸਨ।

ਐਤਵਾਰ ਨੂੰ ਰਾਤੀਂ 7:53 ਦੇ ਨੇੜੇ ਤੇੜੇ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਸਕਾਰਬੌਰੋ ਗੌਲਫ ਕਲੱਬ ਤੇ ਕਿੰਗਸਟਨ ਰੋਡਜ਼ ਨੇੜੇ 15 ਪਿੰਨ ਲੇਨ ਉੱਤੇ ਸੱਦਿਆ ਗਿਆ। ਲੋਕਾਂ ਨੂੰ ਇੱਕ ਘਰ ਵਿੱਚ ਰਹਿਣ ਵਾਲੇ ਦੋ ਵਿਅਕਤੀਆਂ ਦੀ ਫਿਕਰ ਹੋ ਰਹੀ ਸੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਘਰ ਵਿੱਚੋਂ ਦੋ ਲਾਸ਼ਾਂ ਮਿਲੀਆਂ ਤੇ ਉਹ ਜ਼ਾਹਿਰਾ ਤੌਰ ਉੱਤੇ ਕਤਲ ਦਾ ਮਾਮਲਾ ਨਜ਼ਰ ਆ ਰਿਹਾ ਸੀ।ਪੁਲਿਸ ਨੇ ਮੌਕੇ ਉੱਤੇ ਹੀ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਮ੍ਰਿਤਕਾਂ ਦੀ ਪਛਾਣ ਟੋਰਾਂਟੋ ਦੀ 65 ਸਾਲਾ ਲਿਨੇਟ ਸਿਕੁਏਰਾ ਤੇ 68 ਸਾਲਾ ਫਰਾਂਸਿਜ਼ ਸਿਕੁਏਰਾ ਵਜੋਂ ਕੀਤੀ ਗਈ ਹੈ। ਪੁਲਿਸ ਨੇ ਟੋਰਾਂਟੋ ਦੇ ਹੀ 26 ਸਾਲਾ ਕਾਈਲ ਸਿਕੁਏਰਾ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਜਾਂਚ ਅਜੇ ਵੀ ਜਾਰੀ ਹੈ।

## ਪੰਜਾਬੀ ਵਿੱਚ ਪੇਸ਼ ਜਾਂਚ ਰਿਪੋਰਟ ਉੱਤੇ ਹਾਈ ਕੋਰਟ ਵੱਲੋਂ ਟਰਾਂਸਲੇਟਕੀਤੀ ਰਿਪੋਰਟ ਪੇਸ਼ ਕਰਨ ਦੇ ਹੁਕਮ

ਚੰਡੀਗੜ੍ਹ, 9 ਸਤੰਬਰ (ਪੋਸਟ ਬਿਊਰੋ)- ਜਲੰਧਰ ਜ਼ਿਲੇ ਵਿੱਚ ਇੱਕ ਪਿੰਡ ਹੋਂਦ ਵਿੱਚ ਹੀ ਨਾ ਹੋਣ ਦੇ ਬਾਵਜੂਦ ਉਸ ਦੇ ਵਿਕਾਸ ਦੇ ਨਾਂਅ ਉੱਤੇ ਸਰਕਾਰ ਤੋਂ ਫੰਡ ਲੈ ਕੇ ਘਪਲੇਬਾਜ਼ੀ ਦੇ ਦੋਸ਼ ਲਾਉਂਦੀ ਇੱਕ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਦੇ ਵਕੀਲ ਨੂੰ ਪੰਜਾਬੀ ਵਿੱਚ ਜਾਂਚ ਰਿਪੋਰਟ ਪੇਸ਼ ਕਰਨ ਅਤੇ ਉਨ੍ਹਾਂ ਨੂੰ ਅਨੁਵਾਦ ਕੀਤੀ ਕਾਪੀ ਪੇਸ਼ ਕਰਨ ਲਈ ਕਿਹਾ ਹੈ।

ਵਰਨਣ ਯੋਗ ਹੈ ਕਿ ਆਮ ਤੌਰ ਉੱਤੇ ਹਾਈ ਕੋਰਟ ਵਿੱਚਏਦਾਂ ਦੀਆਂ ਰਿਪੋਰਟਾਂ ਅੰਗਰੇਜ਼ੀ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ। ਜਸਟਿਸ ਅਨਿਲ ਸ਼ੇਤਰਪਾਲ ਦੀ ਬੈਂਚ ਮੂਹਰੇ ਸੁਣਵਾਈ ਦੌਰਾਨ ਪੰਜਾਬ ਸਰਕਾਰ ਦੇ ਵਕੀਲ ਨੇ ਪੰਜਾਬੀ ਭਾਸ਼ਾ ਵਿੱਚ ਜਾਂਚ ਰਿਪੋਰਟ ਅਤੇ ਸੰਖੇਪ ਨੋਟ ਬੈਂਚ ਸਾਹਮਣੇ ਪੇਸ਼ ਕੀਤਾ ਸੀ। ਅਗਲੀ 23 ਸਤੰਬਰ ਲਈ ਇਸ ਕੇਸ ਦੀ ਸੁਣਵਾਈ ਮੁਲਤਵੀ ਕਰਦੇ ਹੋਏ ਬੈਂਚ ਨੇ ਸਰਕਾਰੀ ਵਕੀਲ ਨੂੰ ਕਿਹਾ ਕਿ ਅਗਲੀ ਸੁਣਵਾਈ ਤੋਂ ਪਹਿਲਾਂ ਜਾਂਚ ਰਿਪੋਰਟ ਦੀ ਅਨੁਵਾਦ ਕੀਤੀ ਕਾਪੀ ਜਮ੍ਹਾਂ ਕਰਾਈ ਜਾਵੇ। ਕੇਸ ਦੀ ਪਿਛਲੀ ਸੁਣਵਾਈ ਉੱਤੇ ਬੈਂਚ ਨੇ ਸਰਕਾਰ ਨੂੰ ਕੇਸ ਦੀ ਅਗਲੀ ਸੁਣਵਾਈ ਤੋਂ ਪਹਿਲਾਂ ਜਾਂਚ ਪੂਰੀ ਕਰਨ ਲਈ ਜ਼ੋਰ ਦਿੱਤਾ ਅਤੇ ਕਿਹਾ ਸੀ ਕਿ ਰਿਪੋਰਟ ਪੇਸ਼ ਕੀਤੀ ਜਾਵੇ।

ਜਲੰਧਰ ਜ਼ਿਲੇ ਦੇ ਪੂਰਨ ਸਿੰਘ ਅਤੇ ਚੰਡੀਗੜ੍ਹ ਦੇ ਗੁਰਨਾਮ ਸਿੰਘ ਸਿੱਧੂ ਨੇ ਪੰਜਾਬ ਸਰਕਾਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਅਤੇ ਹੋਰਨਾਂ ਨੂੰ ਪਾਰਟੀ ਬਣਾ ਕੇ ਇਹ ਪਟੀਸ਼ਨ ਦਾਇਰ ਕੀਤੀ ਸੀ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਪੰਜਾਬ ਸਰਕਾਰ ਤੇ ਪੇਂਡੂ ਵਿਕਾਸ ਅਤੇ ਪੰਚ-ਾਇਤ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਨੂੰ ਆਦੇਸ਼ ਦਿੱਤੇ ਜਾਣ ਕਿ ਹੋਂਦ ਨਾ ਹੋਣ ਵਾਲੇ ਜਲੰਧਰ ਜ਼ਿਲੇ ਦੇਪਿੰਡ ਦਿਵਿਆ ਗ੍ਰਾਮ ਬਲਾਕ ਨੂਰਮਹਿਲ, ਜਲੰਧਰ ਦੀ ਗ੍ਰਾਮ ਪੰਚਾਇਤ ਬਣਾਉਣ ਦੀ ਉਚ-ਪੱਧਰੀ ਜਾਂਚ ਕਰਵਾਈ ਜਾਵੇ। ਇਸ ਦੇ ਨਾਲ ਸਬੰਧਤ ਗ੍ਰਾਮ ਪੰਚਾਇਤ ਵੱਲੋਂ ਸਹਾਇਤਾ ਫੰਡ ਦੇ ਰੂਪ ਵਿੱਚ ਮਿਲੇ ਪੈਸਿਆਂ ਬਾਰੇ ਹੋਈ ਘਪਲੇਬਾਜ਼ੀ ਅਤੇ ਸਬੰਧਤ ਅਫ਼ਸਰਾਂ ਦੇ ਖ਼ਿਲਾਫ਼ ਸਖ਼ਤ ਵਿਭਾਗੀ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ।




Chapel Ridge
FUNERAL HOME
& CREMATION CENTRE

ਭਾਰਤੀ, ਪੰਜਾਬੀ ਅਤੇ ਸਿੱਖ ਭਾਈਚਾਰੇ ਲਈ ਮਾਰਖਮ, ਰਿਚਮੰਡ ਹਿੱਲ ਅਤੇ ਸਕਾਰਬਰੋਅ ਅਤੇ ਆਸ ਪਾਸ ਇਲਾਕਿਆਂ ਲਈ ਵਧੀਆ ਅਧੁਨਿਕ ਸੇਵਾਵਾਂ ਅਤ ਵਾਜਬ ਕੀਮਤ ਤੇ ਫਿਊਨਰਲ ਸਰਵਿਸ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

- ਅਸੀਂ ਪਿਛਲੇ 20 ਸਾਲ ਤੋਂ ਸਿੱਖ ਭਾਈਚਾਰੇ ਲਈ ਅੰਤਿਮ ਸੰਸਕਾਰ ਦੀ ਸਹੂਲਤ
- ਅੰਤਿਮ ਸੰਸਕਾਰ ਸੇਵਾਵਾਂ ਸਿੱਖ ਮਰਿਯਾਦਾ ਅਨੁਸਾਰ ਕੀਤੀਆਂ ਜਾਂਦੀਆਂ ਹਨ
- ਭਾਈਚਾਰੇ ਦੀ ਸਹੂਲਤ ਲਈ ਮਿਸੀਸਾਗਾ ਵਿੱਚ ਸ਼ਮਸ਼ਾਨ ਘਾਟ ਦੇ ਨਾਲ ਧਾਰਮਿਕ ਸੰਸਕਾਰਾਂ ਲਈ ਵਿਸ਼ਾਲ ਹਾਲ



2 ਘੰਟੇ ਦੇ ਲਈ ਵਿਸ਼ੇਸ਼ ਪੈਕੇਜ ਸਿਰਫ $4270 ਵਿੱਚ

[ ਜਿਸ ਵਿੱਚ ਕੈਸਕੇਟ (ਕਫ਼ਣ ਦਾ ਸਮਾਨ ਤੇ ਬੌਕਸ) ਸਾਰੇ ਲੋੜੀਂਦੇ ਦਾਸਤਵੇਜ਼ (ਡੈਥ ਸਰਟੀਫਿਕੇਟ) ਸਟਾਫ ਸਹੂਲਤ / ਵਾਹਨ ਫੀਸ / ਸਸਕਾਰ ਦੀ ਫੀਸ / ਗਵਾਹੀ ਫੀਸ, ਸਰਕਾਰੀ ਫੀਸ ਅਤੇ ਹੋਰ ਨਯਿਮਤਿ ਫੀਸਾਂ ਸ਼ਾਮਲ ਹਨ ]



ਸਰਕਾਰੀ ਲਾਇਸੈਂਸਸ਼ੁਦਾ ਫਿਊਨਰਲ ਹੋਮ
ਡਰਾਇਕਟਰ (ਨਿਰਦੇਸ਼ਕ) :ਸ: ਹਰਜਿੰਦਰ ਸਿੰਘ ਬਿਲਖੂ
647-966-0093
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਅਤੇ ਸਵਾਹਿਲੀ ਭਾਸ਼ਾਵਾਂ ਬੋਲਦੇ ਹਾਂ
8911 Woodbine Ave., Markham (ਸਿਰਫ ਹਾਈਵੇ 7 ਤੋਂ 4 ਬਲਾਕ ਦੀ ਦੂਰੀ ਤ)
info@chapelridge fh.com • www.chapelridgefh.com

Other Realtors only Promise
But JAG AUJLA SOLD YOUR HOME WITH GUARANTEE
Advertisement GUARANTEED Till SOLD



JAG AUJLA
REAL ESTATE BROKER
416-371-7777
j.aujla@rogers.com www.jagaujla.com
RE/MAX Realty Specialist Inc., Brokerage
Independently Owned and Operated
Off: 905-456-3232
www.BramptonTopRelator.com

Call For a Quick & Free Home Evaluation
www.BramptonQuickHomeEvaluation.com
Top 1% Broker

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

CALEDON




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

BRAMPTON



$749,905
William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON



$ 1,199,905 Bramlea Rd./Bovaird Dr.
2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

BRAMPTON



$1,299,905
ਲਗਭਗ 2900 ਸਕੇਅਰ ਫੁੱਟ ਦਾ ਡਿਟੈਚਡ ਘਰ। 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡ-ਰੂਮਜ਼ ਦੀ ਸੈਪਰੇਟ ਐਂਟਰੈਂਸ ਵਾਲੀ ਫਿਨਿਸ਼ਡ ਬੇਸਮੈਂਟ, 1 ਓਕ ਸਟੇਅਰ ਕੇਸ, ਹਾਰਡਵੁੱਡ ਅਤੇ ਸੀਰੀਮਿਕ ਫਲੋਰ, ਪੌਟ ਲਾਈਟ, 1 ਮਾਸਟਰ ਬੈਡਰੂਮ ਵਿਚ 5 ਪੀ.ਸੀ. ਇਨਸੂਟ ਅਤੇ ਵਾਕਇਨ ਕਲਾਸਿਟ, ਅਪਗ੍ਰੇਡਡ ਕਿਚਨ, ਘਰ ਮੂਹਰੇ ਕੋਈ ਸਾਈਡ ਵਾਕ ਨਹੀਂ, ਸਕੂਲ, ਪਾਲਜ਼ਾ ਤੋਂ ਮਿੰਟਾਂ ਦੀ ਦੂਰੀ ਉਤੇ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।

BRAMPTON




CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।
ਸੰਪਰਕ: 416-371-7777



Orangeville Ontario L9W3X5
Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

RIVERSTONE EYE CARE

Comprehensive Eye Exam | Diagnostic Imaging & Testing | Glaucoma Testing



OUR SERVICES ALSO INCLUDE -
- Direct Billing to all major insurance companies - Special Testing on-site - High quality lenses and custom frames




20 ਸਾਲ ਤੋਂ ਛੋਟੇ ਬੱਚੇ, 65 ਸਾਲ ਤੋਂ ਉਤੇ ਬਜ਼ੁਰਗ ਅਤੇ ਡਾਇਬੈਟਿਕ ਮਰੀਜ਼ਾ ਨੂੰ ਹੈਲਥ ਕਾਰਡ ਦੁਆਰਾ ਕਵਰ ਕੀਤਾ ਜਾਂਦਾ ਹੈ!

Book your appointment
Call Now at (905) 915-9255
Full Time Doctors available 6 days a week



Dr. Paramvir Gill
Dr. Harpreet Gill
Address: 25 Cherrycrest Drive, Unit #4, Brampton, ON, L6P 3W4
www.riverstoneeyecare.com

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






Priti LAMBA
Etobicoke North
416.748.3582
info@pritilamba.ca
www.pritilamba.ca
Authorized by the Official Agent for Priti Lamba

CANADA'S RECOVERY PLAN

1. SECURE JOBS
by recovering the 1 million jobs lost during the pandemic within one year.
2. SECURE ACCOUNTABILITY
by enacting a new Anti-Corruption law to clean up the mess in Ottawa.
3. SECURE MENTAL HEALTH
through our Canada Mental Health Action Plan.
4. SECURE THE COUNTRY
by creating a strategic stockpile of essential products and building the capacity to manufacture vaccines at home.
5. SECURE OUR ECONOMY
by balancing the budget over the next decade.


Conservatives will implement CANADA'S RECOVERY PLAN to SECURE THE FUTURE for GTA families.
SECURE THE FUTURE

ਫੈਡਰਲ ਇਲੈਕਸ਼ਨ / ਸੋਮਵਾਰ, 20 ਸਤੰਬਰ


#ItsOurVote

## ਇਲੈਕਸ਼ਨ ਵਾਲਾ ਦਿਨ ਸੋਮਵਾਰ, 20 ਸਤੰਬਰ ਹੈ


ਤੁਹਾਡੇ ਲਈ ਜਲਦੀ ਵੋਟ ਪਾਉਣ ਦੇ ਬਹੁਤ ਸਾਰੇ ਤਰੀਕੇ ਹਨ। ਤੁਸੀਂ ਵੋਟ ਪਾ ਸਕਦੇ ਹੋ:




ਤੁਹਾਡੇ ਲਈ ਨਿਰਧਾਰਤ ਅਡਵਾਂਸ ਪੋਲਿੰਗ ਸਟੇਸ਼ਨ ਤੇ ਸ਼ੁਕਰਵਾਰ, 10 ਸਤੰਬਰ ਤੋਂ ਸੋਮਵਾਰ, 13 ਸਤੰਬਰ, ਸਵੇਰੇ 9 ਵਜੇ ਤੋਂ ਸ਼ਾਮ ਦੇ 9 ਵਜੇ ਤੱਕ



ਮੇਲ ਰਾਹੀਂ – 14 ਸਤੰਬਰ, ਸ਼ਾਮ 6 ਵਜੇ ਤੱਕ ਅਪਲਾਈ ਕਰੋ



ਇਲੈਕਸ਼ਨ ਕੈਨੇਡਾ ਦੇ ਕਿਸੇ ਵੀ ਦਫਤਰ ਵਿਚ 14 ਸਤੰਬਰ, ਸ਼ਾਮ 6 ਵਜੇ ਤੋਂ ਪਹਿਲਾਂ


**ਤੁਹਾਡਾ ਵੋਟਰ ਜਾਣਕਾਰੀ ਕਾਰਡ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ।**

## ਤੁਹਾਡੀ ਸਿਹਤ ਅਤੇ ਸੁਰੱਖਿਆ ਸਾਡੀ ਤਰਜੀਹ ਹੈ।


ਤੁਹਾਡੇ ਪੋਲਿੰਗ ਸਟੇਸ਼ਨ ਤੇ, ਪੋਲ ਕਰਮਚਾਰੀ ਮਾਸਕ ਪਹਿਨਣਗੇ। ਉਥੇ ਇਹ ਵੀ ਹੋਣਗੇ:



ਹੈਂਡ ਸੈਨੇਟਾਈਜ਼ਰ ਸਟੇਸ਼ਨ




ਸਰੀਰਕ ਦੂਰੀ ਬਣਾਉਣ ਵਾਲੇ ਸਪਸ਼ਟ ਨਿਸ਼ਾਨ




ਇਕ ਪਲੈਕਸੀਗਲਾਸ ਬੈਰੀਅਰ ਦੇ ਪਿੱਛੇ ਪ੍ਰਤੀ ਡੈਸਕ ਇੱਕ ਪੋਲ ਕਰਮਚਾਰੀ ਹੋਵੇਗਾ


## ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ, ਇਹ ਗੱਲਾਂ ਨਾ ਭੁੱਲਣਾ:



ਮਾਸਕ ਪਾਓ



ਅਸੀਂ ਤੁਹਾਨੂੰ ਆਪਣੇ ਬੈਲਟ 'ਤੇ ਨਿਸ਼ਾਨ ਲਗਾਉਣ ਲਈ ਇਕਹਿਰੀ-ਵਰਤੋਂ ਵਾਲੀ ਪੈਨਸਿਲ ਪ੍ਰਦਾਨ ਕਰਾਂਗੇ, ਜਾਂ ਤੁਸੀਂ ਖੁਦ ਆਪਣਾ ਕਲਮ ਜਾਂ ਪੈਨਸਿਲ ਲਿਆ ਸਕਦੇ ਹੋ।




ਵੋਟਰਾਂ ਅਤੇ ਪੋਲ ਕਰਮਚਾਰੀਆਂ ਤੋਂ ਘੱਟੋ-ਘੱਟ ਦੋ ਮੀਟਰ ਦੀ ਦੂਰੀ 'ਤੇ ਰਹਿ ਕੇ ਸਰੀਰਕ ਦੂਰੀਆਂ ਦਾ ਪਾਲਣ ਕਰੋ

ਜੇ ਕੋਵਿਡ-19 ਦੀ ਜਾਂਚ ਦਾ ਤੁਹਾਡਾ ਸਕਾਰਾਤਮਕ ਨਤੀਜਾ ਆਇਆ ਹੈ ਜਾਂ ਤੁਹਾਨੂੰ ਲੱਛਣ ਹਨ, ਜਾਂ ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਸੰਪਰਕ ਕੀਤਾ ਹੈ ਜਸਿ ਨੂੰ ਵਾਇਰਸ ਹੈ, **ਤਾਂ ਡਾਕ ਦੁਆਰਾ ਵੋਟ ਪਾਉਣ ਦੀ ਅਰਜ਼ੀ ਦੇਣ ਲਈ ਤੁਸੀਂ elections.ca ਤੇ ਮੰਗਲਵਾਰ, 14 ਸਤੰਬਰ, ਸ਼ਾਮ 6 ਵਜੇ ਤੱਕ ਅਪਲਾਈ ਕਰ ਸਕਦੇ ਹੋ । ਸੁਰੱਖਿਅਤ ਰਹੋ। ਸੁਰੱਖਿਅਤ ਤਰੀਕੇ ਨਾਲ ਵੋਟ ਪਾਓ।**

It's Our Vote

**ਸੁਰੱਖਿਅਤ ਰਹੋ। ਸੁਰੱਖਿਅਤ ਤਰੀਕੇ ਨਾਲ ਵੋਟ ਪਾਓ।**

ਵੋਟਿੰਗ ਬਾਰੇ ਅਤੇ ਲਾਗੂ ਕੀਤੇ ਗਏ ਸਿਹਤ ਅਤੇ ਸੁਰੱਖਿਆ ਉਪਾਵਾਂ ਬਾਰੇ ਅਧਿਕਾਰਿਤ ਜਾਣਕਾਰੀ ਵਾਸਤੇ, elections.ca 'ਤੇ ਜਾਓ।

1-800-463-6868 / **elections.ca** / TTY 1-800-361-8935

Elections Canada